**BULLEH SHAH DIYAN KAFIYA WICH VIDROHI CHETNA**

# ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚ ਵਿਦਰੋਹੀ ਚੇਤਨਾ

**BULLEH SHAH DIYAN KAFIYA WICH VIDROHI CHETNA**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ**

**ਦੇ ਲੈਂਗੁਏਜਿਜ਼ ਅਧੀਨ**

**ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ**

**ਸਕੂਲ ਆਫ਼ ਆਰਟਸ ਐਂਡ**

**ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ**

**ਖੋਜ-ਪ੍ਰਬੰਧ**

**ਨਿਗਰਾਨ** | **ਖੋਜਾਰਥਣ**

**ਡਾ. ਬਲਵਿੰਦਰ ਸਿੰਘ ਥਿੰਦ** | **ਰਿਤੂ**

**ਸਹਾਇਕ ਪ੍ਰੋਫ਼ੈਸਰ** | **ਰਜਿ. 11511437**

**ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ**

**2017**

# BULLEH SHAH DIYAN KAFIYA WICH VIDROHI CHETNA

## ਘੋਸ਼ਣਾ-ਪੱਤਰ

ਮੈਂ ਰਿਤੂ ਇਹ ਬਿਆਨ ਕਰਦੀ ਹਾਂ ਕਿ ' ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚ ਵਿਦਰੋਹੀ ਚੇਤਨਾ ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ।ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ। ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥਣ**

**ਰਿਤੂ**

**ਰਜਿ. ਨੰਬਰ- 11511437**

# BULLEH SHAH DIYAN KAFIYA WICH VIDROHI CHETNA

## ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਰਿਤੂ ਨੇ ' ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚ ਵਿਦਰੋਹੀ ਚੇਤਨਾ ਵਿਸ਼ੇ ਉੱਤੇ ਐਮ. ਏ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥਣ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ.ਏ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫਾਰਸ਼ ਕਰਦਾ ਹਾਂ।ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

ਮਿਤੀ

ਨਿਗਰਾਨ

ਬਲਵਿੰਦਰ ਸਿੰਘ ਥਿੰਦ

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# BULLEH SHAH DIYAN KAFIYA WICH VIDROHI CHETNA

## ਤਤਕਰਾ

**ਭੂਮਿਕਾ** 6-11

**ਅਧਿਆਇ ਪਹਿਲਾ** 12-18

**ਸਿਧਾਂਤਕ ਪਿੱਠ ਭੂਮੀ**

1.1 ਖੋਜ ਕਾਰਜ ਦੇ ਉਦੇਸ਼

1.2 ਵਿਸ਼ੇ ਦੀ ਸਾਰਥਿਕਤਾ

1.3 ਪੂਰਵ ਖੋਜ ਕਾਰਜ

1.4 ਖੋਜ ਵਿਧੀ

**ਅਧਿਆਇ ਦੂਸਰਾ** 19-29

**ਇਸਲਾਮ ਅਤੇ ਸੂਫ਼ੀਵਾਦ : ਸਿਧਾਂਤਕ ਅਤੇ ਇਤਿਹਾਸਿਕ ਵਿਕਾਸ**

**ਅਧਿਆਇ** ਤੀਸਰਾ 30–38

ਸੂਫ਼ੀ ਸੰਪਰਦਾਵਾਂ

ਅਧਿਆਇ ਚੌਥਾ 39–54

## BULLEH SHAH DIYAN KAFIYA WICH VIDROHI CHETNA

ਬੁੱਲ੍ਹੇ ਸ਼ਾਹ:ਜੀਵਨ ਅਤੇ ਰਚਨਾ


**ਅਧਿਆਇ ਪੰਜਵਾ** 55-102

**ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਵਿਦਰੋਹੀ ਚੇਤਨਾ**

1.1 ਧਾਰਮਿਕ ਪੱਖ ਤੋਂ ਵਿਦਰੋਹੀ ਚੇਤਨਾ

1.2 ਸਮਾਜਿਕ ਪੱਖ ਤੋਂ ਵਿਦਰੋਹੀ ਚੇਤਨਾ

1.3 ਸਭਿਆਚਾਰਕ ਪੱਖ ਤੋਂ ਵਿਦਰੋਹੀ ਚੇਤਨਾ

1.4 ਰਾਜਨੀਤਕ ਪੱਖ ਤੋਂ ਵਿਦਰੋਹੀ ਚੇਤਨਾ

1.5 ਹੋਰ ਪੱਖਾਂ ਤੋਂ ਵਿਦਰੋਹੀ ਚੇਤਨਾ

**ਸਿੱਟੇ ਤੇ ਸਥਾਪਨਾਵਾਂ** **103-106**

**ਪੁਸਤਕ ਸੂਚੀ** **107**

# BULLEH SHAH DIYAN KAFIYA WICH VIDROHI CHETNA

## ਭੂਮਿਕਾ

ਆਤਮਿਕ ਛੋਹ ਅਤੇ ਮਾਨਸਿਕ ਸ਼ਾਂਤੀ ਪ੍ਰਦਾਨ ਕਰਨ ਵਾਲਾ ਮਤ ਸੂਫ਼ੀ ਮਤ ਹੈ ਜਿਸ ਦੇ ਅਧਿਆਤਮਕ ਅਕਸ਼ ਹਰ ਸਮੇਂ ਸਾਡਿਆਂ ਦਿਲਾਂ ਵਿੱਚ ਇੱਕ ਧਰਾਸ ਜਿਹਾ ਪ੍ਰਗਟਾਵਾ ਵਿਸਾਰਦਾ ਹੈ। ਸੂਫ਼ੀ ਮਤ ਅਜਿਹਾ ਮਾਰਗ ਹੈ ਜੋ ਮਨੁੱਖੀ ਦਿਲ ਨੂੰ ਟੁੰਬਦਾ ਹੋਇਆ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ। ਮਿਸਰ, ਸ਼ਾਮ, ਅਲਜੀਰੀਆ, ਈਰਾਕ, ਸੁਡਾਨ ਲਿਬੀਆ, ਉੱਤਰੀ-ਦੱਖਣੀ ਯਮਨ, ਲਿਬਨਾਨ, ਤਿਉਨਿਸ, ਓਮਾਨ, ਕੁਵੈਤ, ਬਹਿਰੀਨ, ਕਤਰ, ਉਰਦਨ, ਦੁਬਈ, ਸਾਉਦੀ ਅਰਬ ਮੋਰਾਕੋ, ਅਫ਼ਗ਼ਾਨਿਸਤਾਨ, ਈਰਾਨ, ਪਾਕਿਸਤਾਨ ਅਤੇ ਇੰਡੋਨੇਸ਼ੀਆ ਆਦਿ ਦੇਸ਼ ਇਸਲਾਮ ਦੇ ਅਧੀਨ ਹਨ ਸ਼ਾਇਦ ਇਸ ਪੱਖੋਂ ਭਾਰਤ ਦੂਜੇ ਅਤੇ ਪਾਕਿਸਤਾਨ ਤੀਜੇ ਨੰਬਰ ਤੇ ਹੈ । ਦੁਨੀਆ ਭਰ ਦੇ ਮੁਸਲਮਾਨਾਂ ਦੇ ਵਿਚਾਰਾਂ ਅਤੇ ਜੀਵਨ ਦਰਸ਼ਨ ਨੂੰ ਸਮਝਣ ਲਈ ਇਸਲਾਮ  ਦੇ ਉੱਘੇ ਤੱਤਾਂ ਨੂੰ ਜਾਣਨਾ ਜ਼ਰੂਰੀ ਹੈ। ਇਸਲਾਮੀ ਅਤੇ ਸੂਫ਼ੀ ਸਾਹਿਤ ਵਿੱਚ ਇਨ੍ਹਾਂ ਤੱਤਾਂ ਦੀ ਹੀ ਪ੍ਰੋੜ੍ਹਤਾ ਜਾਂ ਵਿਰੋਧਤਾ  ਕੀਤੀ ਜਾਂਦੀ ਹੈ।  ਇਸਲਾਮ ਦੇ ਉੱਘੇ ਤੱਤਾਂ ਦੇ ਅੰਗਾਂ ਦਾ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ।

ਅਰਬੀ ਭਾਸ਼ਾ ਵਿੱਚ ਇਸਲਾਮ ਦੇ ਅਰਥ ਆਗਿਆ ਦਾ ਪਾਲਣ ਕਰਨਾ ਜਾਂ ਫ਼ਰਮਾਬਰਦਾਰ ਹੋਣਾ ਹੈ। ਇਸ ਧਰਮ ਦਾ ਨਾਮ ਇਸਲਾਮ ਲਈ ਰੱਖਿਆ ਗਿਆ ਕਿਉਂ ਜੋ ਇਹ ਪਰਮਾਤਮਾ ਜਾਂ ਅੱਲਾਹ ਦੀ ਫ਼ਰਮਾਬਰਦਾਰੀ ਤੇ ਬਲ ਦਿੰਦਾ ਹੈ ਇਸਲਾਮ ਧਰਮ ਨੂੰ ਵੱਡੇ ਸੋਮੇ ਹਨ।

ਕੁਰਾਨ ਸ਼ਰੀਫ਼- ਇਹ ਅਰਬੀ ਭਾਸ਼ਾ ਵਿੱਚ ਲਿਖੀ ਗਈ ਮੁਸਲਮਾਨਾਂ ਦੀ ਉਹ ਪਵਿੱਤਰ ਕਿਤਾਬ ਹੈ।ਜਿਸ ਵਿੱਚ ਮੁਸਲਮਾਨਾਂ ਅਨੁਸਾਰ ਰੱਬੀ ਕਲਾਮ ਦਰਜ ਹੈ । ਇਹ ਕਲਾਮ ਹਜ਼ਰਤ ਮੁਹੰਮਦ ਤੱਕ ਜਬਰੀਲਲ ਫ਼ਰਿਸ਼ਤੇ ਰਾਹੀ ਪੁੱਜਿਆ ਦੱਸਿਆ ਜਾਂਦਾ ਹੈ ਇਸ ਲਈ 114 ਸੂਰੇ ਕਾਂਡ ਹਨ ਜਿਨ੍ਹਾਂ ਵਿੱਚੋ 93 ਸੂਰਿਆਂ ਦਾ ਆਵੇਸ਼ ਮੱਕੇ ਅਤੇ

21 ਦਾ ਆਵੇਸ਼ ਮਦੀਨੇ ਵਿੱਚ ਹੋਇਆ ਹੈ।ਮੰਨਿਆ ਜਾਂਦਾ ਹੈ ਕਿ ਇਹ ਕਲਾਮ ਪਹਿਲਾ ਸਫ਼ੈਸ ਆਦਿ ਉੱਤੇ ਹੋਇਆ ਲਿਖਿਆ ਮਿਲਦਾ ਸੀ ਜਾਂ ਭਿੰਨ-ਭਿੰਨ ਹਾਫ਼ਜ਼ਾ ਕੁਰਾਨ ਸ਼ਰੀਫ਼ ਨੂੰ ਜ਼ੁਬਾਨੀ ਹਾਫ਼ਜ਼ ਜਾਂ ਯਾਦ ਕਰਨ ਵਾਕੇ ਅਤੇ ਕਾਰੀਆ । ਜਦੋ ਜਮਾਮਾ ਦੇ ਧਰਮ ਯੁੱਧ ਵਿੱਚ 70 ਹਿਫ਼ਤਜਤ ਮਾਰੇ ਗਏ ਤਾਂ ਹਜ਼ਰਤ ਉਮਰ ਨੂੰ ਇਹ ਚਿੰਤਾ ਹੋਈ ਕਿ ਹਾਫ਼ਜ਼ਾ ਦੀ ਅਣਹੋਂਦ ਕਾਰਨ ਕੁਰਾਨ ਸ਼ਰੀਫ਼ ਦੀ ਸਮੁੱਚਤਾ ਦਾ ਵਿਨਾਸ਼ ਹੋ ਜਾਵੇਗਾ ਇਸ ਲਈ ਇਹਨਾਂ ਨੇ ਜ਼ੈਦ ਬਿੰਨ ਆਬਿਦ ਨੂੰ ਕੁਰਾਨ ਸ਼ਰੀਫ਼ ਨੂੰ ਇੱਕ ਕਿਤਾਬੀ ਸ਼ਕਲ ਵਿੱਚ ਸਥਾਪਿਤ ਕਰਨ ਦਾ ਹੁਕਮ ਦਿੱਤਾ। ਜ਼ੈਦ ਬਿੰਨ ਹਜ਼ਰਤ ਮੁਹੰਮਦ ਅਤੇ ਉਨ੍ਹਾਂ ਦੇ ਉਦੇਸ਼ਾਂ ਨੂੰ ਲਿਪੀ ਬੱਧ ਕਰਨ ਵਾਲੇ ਲਿਖਾਰੀ ਸਨ ਉਨ੍ਹਾਂ ਨੇ ਸਾਰੇ ਸੋਮਿਆਂ ਤੋਂ ਇਹ ਸਾਰਾ ਕਲਾਮ ਇਕੱਠਾ ਕਰ ਕੇ ਅਤੇ ਹਜ਼ਰਤ ਇਸਲਾਮ ਦੀ ਕਲਾਫ਼ਤ ਸਮੇਂ ਆਪਣੇ ਹੋਰ ਸਾਥੀਆਂ ਦੀ ਸਹਾਇਤਾ ਨਾਲ ਇਸ ਨੂੰ ਕਿਤਾਬੀ ਸ਼ਕਲ ਦਿੱਤੀ। ਇਸ ਕਿਤਾਬ ਦੀ ਨਕਲ ਕਰਵਾ ਕੇ ਇੱਕ ਨਕਲ ਮੱਕੇ, ਸ਼ਾਮ,ਯਮਨ, ਬਹਿਰੀਨ, ਬਸਰੇ ਅਤੇ ਕੁਫ਼ੀਆ ਵਿੱਚ ਘੱਲ ਦਿੱਤੀਆਂ ਗਈਆਂ ਅਤੇ ਇੱਕ ਨਕਲ ਮਦੀਨੇ ਵਿੱਚ ਰੱਖ ਕੇ ਕੁਰਾਨ ਸ਼ਰੀਫ਼ ਨਾਲ ਸੰਬੰਧਿਤ ਸਾਰੀਆਂ ਲਿਖਤਾਂ ਨੂੰ ਸਾੜ ਦਿੱਤਾ ਗਿਆ। ਹਦੀਸ ਹਜ਼ਰਤ ਮੁਹੰਮਦ ਦੇ ਅਮਲਾਂ ਅਤੇ ਕਥਨਾਂ ਨੂੰ ਆਖਦੇ ਹਨ , ਜਿਨ੍ਹਾਂ ਨੂੰ ਉਨ੍ਹਾਂ ਦੇ ਨਾਲ ਵਿਚਰਨ ਵਾਲੇ ਲੋਕਾਂ ਜਾਂ ਹੋਰ ਸਮਕਾਲੀਆਂ ਨੇ ਬਿਆਨਿਆਂ ਹੈ । ਕੁਰਾਨ ਸ਼ਰੀਫ਼ ਦੀ ਸਮਗਰੀ ਤੋਂ ਇਲਾਵਾ ਇਹਨਾਂ ਹਦੀਸਾ ਦੀ ਰੌਸ਼ਨੀ ਵਿੱਚ ਵੀ ਮੁਸਲਿਮ ਜਾਂ ਇਸਲਾਮ ਧਰਮ ਦੇ ਬਹੁਤ ਸਾਰੇ ਪੂਜਾ ਪਾਠ ਰਹਿਣੀ -ਬਹਿਣੀ ਅਤੇ ਹੋਰ ਕਾਰਜਾਂ ਨਾਲ ਸੰਬੰਧਿਤ ਬਣਾਏ ਗਏ। ਸੁੰਨਤ ਹਜ਼ਰਤ ਮੁਹੰਮਦ ਤੇ ਕਾਰਜਾਂ ਅਤੇ ਕਥਨਾਂ ਨੂੰ ਕਹਿੰਦੇ ਹਨ ਅਤੇ ਹਦੀਸ ਉਨ੍ਹਾਂ ਦੇ ਕਾਰਜਾਂ ਤੇ ਕਥਨਾਂ ਦੇ ਬਿਆਨ ਨੂੰ ਪ੍ਰਮਾਣਿਕਤਾ ਬੇਲਿਹਾਜ਼ ਅਤੇ ਲਦੀਫ਼ ਦੀਆਂ ਕਈ ਕਿਸਮਾਂ ਹਨ।

1. ਕਈ ਜਿਹੜੀਆਂ ਹਦੀਸਾ ਹਜ਼ਰਤ ਮੁਹੰਮਦ ਦੇ ਧਾਰਮਿਕ ਨਿਕਟਵਰਤੀਆਂ ਜਾ ਹੋਰ ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਹੋਈਆ ਹਨ ।

2. ਦੂਜੇ ਦਰਜੇ ਦੀਆਂ ਹਦੀਸਾ ਜਿਹੜੀਆਂ ਚੰਗੀਆਂ ਤੇ ਸਨ, ਪ੍ਰੰਤੂ ਸਹੀ ਹਦੀਸਾ ਵਰਗੀਆਂ ਪ੍ਰਮਾਣਿਤ ਨਹੀਂ ਹਨ।

3. ਜ਼ੁਅਇਫ਼(ਕਮਜ਼ੋਰ) ਇਹ ਹਸਨ ਨਾਮਕ ਹਦੀਸਾ ਤੋਂ ਘੱਟ ਉਪਯੁਕਤ ਹਨ।

4. ਮਕੁਫ਼ ਹੋਰ ਵੀ ਘੱਟ ਭਰੋਸੇਯੋਗ ਹਨ। ਮਕਤੂਅ ਕੱਟੀਆਂ ਗਰੀਆਂ ਰੱਦ ਕੀਤੀਆਂ ਗਈਆਂ ਗ਼ਰੀਬ ਅਨੋਖੀਆਂ ਅਤੇ ਮਨ ਘੜਤ ਆਦਿ ਹਦੀਸਾ ਦੀਆਂ ਪੁਸਤਕਾਂ ਵਿਚੋਂ ਸਭ ਤੋਂ ਪ੍ਰਸਿੱਧ ਬੁਖ਼ਾਰੀ ਦੀ ਸਹੀ-ਉੱਲ-ਬੁਖਾਰੀ ਜਿਸ ਵਿੱਚ ਛੇ ਲੱਖ ਹਦੀਸਾ ਵਿਚੋਂ ਨੌਂ ਹਜ਼ਾਰ ਸਹੀ ਹਦੀਸਾ ਸ਼ਾਮਿਲ ਕੀਤੀਆਂ ਗਈਆਂ ਹਨ।

ਦੂਜੇ ਦਰਜੇ ਦੀਆਂ ਪ੍ਰਮਾਣਿਕ ਹਦੀਸਾ ਦੀਆ ਮੁਸਲਿਮ-ਬਿਨ ਹਜ਼ਾਰ ਦੀ ਸਹੀ ਮੁਸਲਿਮ ਹੈ। ਇਸ ਵਿੱਚ ਚਾਰ ਹਜ਼ਾਰ ਹਦੀਸਾ ਸਹੀ ਹਨ ਇਸਲਾਮੀ ਕਾਨੂੰਨ ਬਣਾਉਣ ਲਈ ਕੁਰਾਨ ਜਾਂ ਹਦੀਸਾ ਤੋਂ ਇਲਾਵਾ ਇਜ਼ਮਾਮ ਇਸਲਾਮੀ ਵਿਦਵਾਨਾਂ ਦਾ ਸਰਬ ਸੰਮਤੀ ਨਾਲ ਕੀਤਾ ਗਿਆ ਨਿਰਨਾ ਹੈ।

ਕਿਆਸ ਪਹਿਲਾ ਪਾਏ ਜਾਂਦੇ ਨਿਯਮਾਂ ਦੇ ਅੰਦਾਜ਼ੇ ਤੋਂ ਨਵੇਂ ਨਿਯਮ ਘੜਨਾ ਤੋਂ ਕੰਮ ਵੀ ਲਿਆ ਜਾਂਦਾ ਹੈ। ਇਸਲਾਮ ਦੇ ਬੁਨਿਆਦੀ ਤੱਤ ਹੇਠ ਲਿਖੇ ਹਨ-

1. ਕਲਮਾ ਸ਼ਹਾਦਤ - ਹਰ ਮੁਸਲਮਾਨ ਲਈ ਇਹ(ਵਾਕ) ਉਚਾਰਨਾ ਜ਼ਰੂਰੀ ਹੈ "ਲਾ ਇਲਾਹੀ ਇੱਲ- ਅੱਲਾਹ ਮੁਹੰਮਦ ਰਸੂਲ ਅੱਲਾਹ (ਨਹੀਂ ਹੈ ਕੋਈ ਰੱਬ ਸਿਵਾਏ ਅੱਲਾਹ ਅਤੇ ਮੁਹੰਮਦ ਅੱਲਾਹ ਦਾ ਸੰਦੇਸ਼ ਵਾਹਕ ਹੈ।)

2. ਨਮਾਜ਼ (ਸਲਾਹ) ਇਹ ਪੰਜ ਸਮਿਆਂ ਤੋਂ ਪੜ੍ਹੀ ਜਾਂਦੀ ਹੈ। ਇਹ ਸਮੇਂ ਹਨ ਫ਼ਜਰ(ਸੁਬਹ ਸਵੇਰੇ ਜਾ ਮੂੰਹ ਹਨੇਰੇ ) ਜ਼ਹਰ(ਦੁਪਿਹਰ), ਅਸਰ(ਬਾਅਦ ਦੁਪਹਿਰ), ਹਗਰਿਬ(ਸੂਰਜ ਡੁੱਬਣ ਦਾ ਸਮਾਂ) ਅਤੇ ਇਸ਼ਾ (ਰਾਤ)

ਇਸ ਸੰਸਾਰ ਦੀ ਸਭ ਤੋਂ ਜ਼ਿਆਦਾ ਮੁਸਲਿਮਾਂ ਦੀ ਆਬਾਦੀ ਇੰਡੋਨੇਸ਼ੀਆ ਵਿੱਚ ਪਾਈ ਜਾਂਦੀ ਹੈ। ਸੂਫ਼ੀਮਤ ਦਾ ਸੰਕਲਪ ਮੱਧਕਾਲ ਦੇ ਸਮੇਂ ਨਾਲ ਜੁੜਿਆ ਹੋਇਆ ਹੋਣ ਕਰ ਕੇ ਇਸ ਚੇਤਨਾ ਵਿੱਚ ਅਧਿਆਤਮਿਕਤਾ ਸਾਫ਼ ਅਤੇ ਸਪਸ਼ਟ ਰੂਪ ਵਿੱਚ ਸਾਡੇ ਸਾਹਮਣੇ ਆਉਂਦੀ ਹੈ। ਪੰਜਾਬੀ ਸਾਹਿਤ ਦੇ ਵਿਦਵਾਨਾਂ ਦੀ ਸਾਂਝੀ ਰਾਇ ਮੁਤਾਬਿਕ ਸੂਫ਼ੀ ਕਾਵਿ ਧਾਰਾ ਵਿੱਚ ਬਾਬਾ ਫ਼ਰੀਦ ਪਹਿਲੇ ਪੜਾਅ ਦੇ ਸੂਫ਼ੀ ਕਵੀ ਕਹਾਉਂਦੇ ਹਨ। ਜਿਹਨਾ ਨੇ ਸ਼ਰ੍ਹਾ ਦੇ ਆਧਾਰ ਤੇ

(ਮੰਦੀ ਥਾਂ) ਅਣਦਿਸਦੇ ਰੱਬ ਦੀ ਪ੍ਰੀਤ ਨੂੰ ਕਲਮਬੱਧ ਕੀਤਾ। ਇਹ ਕਾਵਿ ਧਾਰਾ ਸ਼ਾਹ ਹੁਸੈਨ ਦੁਆਰਾ ਦੂਜੇ ਪੜਾਅ ਤੇ ਪੁੱਜਦੀ ਹੈ, ਜਿਨ੍ਹਾਂ ਨੇ ਅਣ-ਦਿਸਦੇ ਰੱਬ ਦੀ ਥਾਂ ਮੁਰਸ਼ਦ ਨਾਲ ਸੰਬੰਧ ਜੋੜ ਕੇ ਅਧਿਆਤਮਿਕਤਾ ਨੂੰ ਧਰਤੀ ਦੀ ਛੂਹ ਦਿੱਤੀ ਅਤੇ ਜਿਨ੍ਹਾਂ ਨੇ ਸ਼ਰੱਈ ਨਿਯਮਾਂ ਤੋ ਸੀਮਤ ਜਿਹੀ ਖੁੱਲ੍ਹ ਤਾਂ ਲਈ ਪਰ ਹਲੀਮੀ ਦਾ ਪੱਲਾ ਹੱਥੋਂ ਨਾ ਛੱਡਿਆ। ਇਹ ਧਾਰਾ ਸਾਈਂ ਬੁੱਲ੍ਹੇ ਸ਼ਾਹ ਦੁਆਰਾ ਅਗਲੇ ਪੜਾਅ (ਤੀਸਰਾ ਪੜਾਅ) 'ਤੇ ਸਿਖਰ ਨੂੰ ਜਾ ਛੂੰਹਦੀ ਹੈ, ਜਿਨ੍ਹਾਂ ਨੇ ਸ਼ਰ੍ਹਾ ਦੇ ਸਾਰੇ ਬੰਧਨ ਤੋੜ ਦਿੱਤੇ, ਮੁਰਸ਼ਦ ਨਾਲ ਬਰਾਬਰੀ ਕੀਤੀ ਅਤੇ ਇਸ਼ਕ ਹਕੀਕੀ ਅਤੇ ਬਿਰਹੋਂ ਦੇ ਦਰਦ ਨੂੰ ਕਲਾਮਈ ਢੰਗ ਨਾਲ ਆਪਣੀਆਂ ਕਾਫ਼ੀਆਂ ਵਿੱਚ ਪਰੋਇਆ ਹੈ।

ਸਾਈਂ ਬੁੱਲ੍ਹੇ ਸ਼ਾਹ ਪੰਜਾਬੀ ਦੇ ਪ੍ਰਸਿੱਧ ਕਵੀ ਹਨ, ਜਿਨ੍ਹਾਂ ਨੂੰ ਪੰਜਾਬੀ ਕਾਵਿ-ਖੇਤਰ ਦੇ ਸਰਵੋਤਮ ਕਵੀਆਂ ਵਿੱਚ ਸ਼ਾਮਿਲ ਕੀਤਾ ਗਿਆ ਹੈ। ਆਪ ਨੂੰ ਸੂਫ਼ੀਆਂ ਦਾ ਸਿਰਤਾਜ ਕਵੀ ਕਹਿ ਕੇ ਵਡਿਆਇਆ ਜਾਂਦਾ ਹੈ। ਇਹ ਸਨਮਾਨ ਆਪ ਨੂੰ ਸਰਬ ਸਾਂਝੇ ਧਾਰਮਿਕ ਫ਼ਲਸਫ਼ੇ ਲੋਕ ਬੋਲੀ, ਲੋਕ ਕਾਵਿ ਰੂਪਾਂ, ਲੋਕ ਛੰਦਾਂ, ਸਰੋਦੀ ਅੰਸ਼ਾਂ, ਪੰਜਾਬੀਅਤ ਦੀ ਰੰਗਤ ਅਤੇ ਸੂਫ਼ੀਆਨਾ ਸ਼ਾਇਰੀ ਸਦਕਾ ਦਿੱਤਾ ਜਾਂਦਾ ਹੈ। ਆਪ ਦੀਆਂ ਕਾਫ਼ੀਆਂ ਨੂੰ ਵਿਲੱਖਣ ਲੋਕ ਪ੍ਰੀਅਤਾ ਹਾਸਿਲ ਹੈ ਅਤੇ ਅੱਜ ਵੀ ਲੋਕ ਮੂੰਹਾਂ ਤੇ ਚੜ੍ਹਿਆ ਹੋਇਆ ਹੈ। ਆਪ ਦੀਆਂ ਕਾਫ਼ੀਆਂ ਨੂੰ ਗੀਤਾਂ ਵਿੱਚ ਸਮੋਹ ਕੇ ਅਲਾਪਿਆ ਜਾਂਦਾ ਹੈ ਤਾਂ ਸੁਣਨ ਵਾਲਿਆਂ ਨੂੰ ਸਰੂਰ ਜਿਹਾ ਆ ਜਾਂਦਾ ਹੈ। ਮਹਾਨ ਕਲਾ ਜਾਂ ਸਾਹਿਤ ਦੀ ਇਹੋ ਹੀ ਪਛਾਣ ਹੈ ਕਿ ਜਿਹੜੀ ਗੱਲ ਦਿਲ ਵਿਚੋਂ ਸਿੱਧੇ ਢੰਗ ਨਾਲ ਨਿਕਲਦੀ ਹੈ, ਉਸ ਦਾ ਪ੍ਰਭਾਵ ਚਿਰ-ਸਥਾਈ ਹੁੰਦਾ ਹੈ। ਬੁੱਲ੍ਹੇ ਸ਼ਾਹ ਸੂਫ਼ੀ ਨਾਲੋਂ ਵਧੇਰੇ ਕਵੀ ਹੈ ਅਤੇ ਕਵੀ ਨਾਲੋਂ ਵਧੇਰੇ ਕਲਾਕਾਰ ਹੈ।

ਸ: ਲਾਲ ਸਿੰਘ ਆਪ ਦੀ ਸ਼ਾਇਰੀ ਬਾਰੇ ਲਿਖਦੇ ਹਨ-

"ਬੁੱਲ੍ਹੇ ਦੀ ਸ਼ਾਇਰੀ ਅਮਰ ਸ਼ਾਇਰੀ ਹੈ।

ਸਮੇਂ ਦੀ ਧੂੜ ਇਸ ਦੀ ਆਭਾ ਨੂੰ ਘਸਮੈਲ਼ਾ ਨਹੀਂ ਕਰ ਸਕਦੀ ਕਿਉਂਕਿ ਭਵਿੱਖ ਵਿੱਚ ਇਸ਼ਕ ਦਾ ਮਜ਼ਮੂਨ ਵਿਅਕਤੀ ਤੋ ਸਮਾਜ ਅਤੇ ਸਮਾਜ ਤੋਂ ਸਮੁੱਚੇ ਵਿਸ਼ਵ ਨੂੰ ਆਪਣੇ ਕਲਾਵੇ ਵਿੱਚ ਸਮੇਟਦਾ ਜਾਵੇਗਾ, ਇਹੋ ਅੱਜ ਦੇ ਵਿਗਿਆਨਕ

ਯੁੱਗ ਦੀ ਆਵਾਜ਼ ਹੈ ਅਤੇ ਇਹੋ ਹੀ ਬੁੱਲ੍ਹੇ ਸ਼ਾਹ ਦੇ ਸੂਫ਼ੀ ਸਿਧਾਂਤ ਦਾ ਸਾਰ ਹੈ। ਬੁੱਲ੍ਹੇ ਸ਼ਾਹ ਦੀ ਕਵਿਤਾ ਨਾਲ ਸੂਫ਼ੀ ਕਵਿਤਾ ਸਿਖਰ ਤੇ ਪੁੱਜਦੀ ਹੈ। ਉਸ ਤੋ ਪਿੱਛੋਂ ਇਹ ਪਤਨ ਵੱਲ ਜਾਣੀ ਸ਼ੁਰੂ ਹੋ ਗਈ ਸੀ। ਇੰਞ ਉਹ ਸੂਫ਼ੀ ਮਤ ਦਾ ਆਖ਼ਰੀ ਪ੍ਰਸਿੱਧ ਕਵੀ ਹੋਇਆ ਹੈ। ਡਾ: ਲਾਜਵੰਤੀ ਆਪ ਨੂੰ ਪੰਜਾਬੀ ਦਾ ਸਭ ਤੋਂ ਵੱਡਾ ਸੂਫ਼ੀ ਕਵੀ ਮੰਨਦੀ ਹੈ, ਪਰ ਡਾ: ਦੀਵਾਨ ਸਿੰਘ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ। ਉਹ ਬਾਬਾ ਫ਼ਰੀਦ ਅਤੇ ਸ਼ਾਹ ਹੁਸੈਨ ਨੂੰ ਉੱਚੇ ਦਰਜੇ ਦਾ ਕਵੀ ਸੂਫ਼ੀ ਕਵੀ ਮੰਨਦੇ ਹਨ। ਇਹ ਠੀਕ ਹੈ ਕਿ ਬੁੱਲ੍ਹੇ ਸ਼ਾਹ ਵਿੱਚ ਬਾਬਾ ਫ਼ਰੀਦ ਵਰਗੀ ਸੰਖੇਪਤਾ ਤੋ ਭਾਵ ਪੂਰਨਤਾ ਨਹੀਂ ਹੈ ਨਾ ਹੀ ਸ਼ਾਹ ਹੁਸੈਨ ਵਰਗਾ ਸਰੂਰ ਹੈ ਪਰ ਫਿਰ ਵੀ ਬੁੱਲ੍ਹੇ ਸ਼ਾਹ ਦੀ ਸਿੱਧੀ ਸਾਧੀ ਬਾਣੀ ਨਿਧੜਕਤਾ ਨਾਲ ਭਰਪੂਰ ਹੈ ਜੋ ਉਸ ਦੇ ਰਹੱਸਵਾਦੀ ਹੁਲਾਰਿਆਂ ਤੇ ਵਲਵਲਿਆਂ ਨੂੰ ਵੀ ਪ੍ਰਗਟ ਕਰਦੀ ਹੈ। ਬੁੱਲ੍ਹੇ ਸ਼ਾਹ ਅਦਵੈਤਵਾਦੀ ਸੂਫ਼ੀ ਕਵੀ ਸੀ ਜਿਸ ਨੇ ਰੱਬ ਅਤੇ ਜੀਵ ਆਤਮਾ ਦੀ ਏਕਤਾ ਦੇ ਗੀਤ ਗਾਏ ਅਤੇ ਪ੍ਰਮਾਤਮਾ ਦੀ ਪ੍ਰਾਪਤੀ ਦਾ ਸਭ ਤੋਂ ਸਹਿਜ ਢੰਗ ਇਸ਼ਕ ਨੂੰ ਦੱਸਿਆ। ਉਸ ਦਾ ਵਿਚਾਰ ਹੈ ਕਿ ਇਸ਼ਕ ਭਾਵੇਂ ਬਿਖੜਾ ਪੈਂਡਾ ਹੈ ,ਪਰ ਇਸ ਔਖੀ ਘਾਟੀ ਨੂੰ ਮੁਰਸ਼ਦ ਦੀ ਟੇਕ ਨਾਲ ਸਹਿਜੇ ਹੀ ਪਾਰ ਕੀਤਾ ਜਾ ਸਕਦਾ ਹੈ। ਉਸ ਨੇ ਸ਼ਰ੍ਹਾ ਤੋਂ ਉੱਠ ਕੇ ਪ੍ਰਭੂ ਦੇ ਰਹੱਸ ਨੂੰ ਮਾਣਿਆ। ਉਹ ਇੱਕ ਨੱਚਣ ਗਾਉਣ ਵਾਲਾ ਮਸਤ ਕਲੰਦਰ ਸੂਫ਼ੀ ਕਵੀ ਸੀ ਜਿਸ ਨੇ ਸ਼ਰ੍ਹਾ-ਸ਼ਰ੍ਹੀਅਤ ਅਤੇ ਵਿਖਾਵੇ ਦੇ ਧਰਮ ਦਾ ਨਾ ਕੇਵਲ ਤਿਆਗ ਹੀ ਕੀਤਾ ਬਲਕਿ ਇਸ ਦਾ ਵਿਰੋਧ ਵੀ ਕੀਤਾ। ਉਸ ਦੇ ਬੋਲਾਂ ਵਿੱਚ ਨਿਸ਼ਠਤਾ, ਨਿਡੱਰਤਾ, ਨਿਧੜਕਤਾ ਅਤੇ ਵਿਅੰਗ ਦੀ ਡੂੰਘੀ ਰਮਜ਼ ਝਲਕਦੀ ਹੈ। ਭਾਸ਼ਾ ਦੀ ਸਰਲਤਾ, ਸੰਖੇਪਤਾ ਅਤੇ ਠੇਠਤਾ ਨੇ ਹੀ ਬੁੱਲ੍ਹੇ ਨੂੰ ਹਰਮਨ-ਪਿਆਰਾ ਕਵੀ ਬਣਾ ਦਿੱਤਾ ਉਸ ਦੀ ਮਹਾਨਤਾ ਦਾ ਲੋਹਾ ਮੰਨਣ ਵਾਲਿਆਂ ਵਿੱਚ ਮੀਆਂ ਮੁਹੰਮਦ ਬਖ਼ਸ਼ ਹੋਰਾਂ ਦਾ ਨਾਮ ਖ਼ਾਸ ਤੋਰ ਤੇ ਵਰਣਨ ਯੋਗ ਹੈ। ਮੀਆਂ ਜੀ ਲਿਖਦੇ ਹਨ-

ਬੁੱਲ੍ਹੇ ਸ਼ਾਹ ਦੀ ਕਾਫ਼ੀ ਸੁਣ ਕੇ, ਤਰੁੱਟਦਾ ਕੁਫ਼ਰ ਅੰਦਰ ਦਾ

ਵਹਿਦਤ ਦੇ ਦਰਿਆ ਵੇ ਅੰਦਰ, ਉਹ ਵੀ ਵਤਿਆ ਤਰਦਾ।

# BULLEH SHAH DIYAN KAFIYA WICH VIDROHI CHETNA

ਡਾ: ਕਿਰਪਾਲ ਸਿੰਘ ਕਸੇਲ ਹੁਰੀਂ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੀ ਪ੍ਰਸੰਸਾ ਵਿੱਚ ਲਿਖਦੇ ਹਨ, ਬੁੱਲ੍ਹੇ ਦੀਆਂ ਕਾਫ਼ੀਆਂ ਨੇ ਬਹੁਤ ਪ੍ਰਸਿੱਧੀ ਹਾਸਿਲ ਕੀਤੀ ਭਾਵੇਂ ਬੁੱਲ੍ਹੇ ਸ਼ਾਹ ਦੇ ਸਮੇਂ ਦੇ ਹਾਲਾਤ ਉਸ ਦੇ ਇਸ਼ਟ ਮੱਤ ਦੇ ਅਨੁਸਾਰੀ ਨਹੀ ਸਨ ਫਿਰ ਵੀ ਇਹ ਮੰਨਣਾ ਹੀ ਪੈਂਦਾ ਹੈ ਕਿ ਉਹ ਆਪਣੀ ਸ਼ਖ਼ਸੀਅਤ ਦੀ ਉੱਚਤਾ ਅਤੇ ਪ੍ਰਤਿਭਾ ਕਾਰਨ ਸੂਫ਼ੀ ਕਾਵਿ-ਧਾਰਾ ਵਿੱਚ ਉਚੇਰੇ ਪੱਧਰ ਦੀ ਅਨੁਭਵੀ ਤੇ ਮਾਰਫ਼ਤ ਦੇ ਰੰਗ ਵਿੱਚ ਰੰਗੀ ਹੋਈ ਕਾਵਿ ਰਚਨਾ ਕਰਨ ਵਿੱਚ ਸਫਲ ਹੋਇਆ ਹੈ।

## ਅਧਿਆਇ ਪਹਿਲਾ

# ਸਿਧਾਂਤਕ ਪਿੱਠ ਭੂਮੀ

### 1.1. ਵਿਸ਼ੇ ਦੀ ਸਾਰਥਿਕਤਾ

ਬਹੁਤ ਸਾਰੇ ਵਿਦਵਾਨਾਂ ਨੇ ਇਸ ਵਿਸ਼ੇ ਉੱਪਰ ਆਪਣੇ-ਆਪਣੇ ਵਿਚਾਰਾਂ ਦੀ ਧਰੋਹਰ ਨੂੰ ਅਜ਼ਮਾਇਆ ਹੈ। ਮੇਰੇ ਇਸ ਵਿਸ਼ੇ ਵਿੱਚ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਵਿਸ਼ਾ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚਲੀ ਵਿਦਰੋਹੀ ਚੇਤਨਾ ਨੂੰ ਪੇਸ਼ ਕਰਦਾ ਹੈ। ਇਸ ਵਿਸ਼ੇ ਦੇ ਕਾਰਜ ਵਿੱਚ ਬੁੱਲ੍ਹੇ ਸ਼ਾਹ ਦੇ ਕਾਵਿ ਦਾ ਚਿੰਨ੍ਹ ਵਿਗਿਆਨਕ ਅਧਿਐਨ ਇਕਬਾਲ ਸਿੰਘ ਵੱਲੋਂ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇੰਦਰਜੀਤ ਕੌਰ ਨੇ ਬੁੱਲ੍ਹੇ ਸ਼ਾਹ ਅਤੇ ਬਾਬਾ ਫ਼ਰੀਦ ਜੀ ਦੇ ਦਾਰਸ਼ਨਿਕ ਸੰਦਰਭ ਵਿੱਚ ਕਈ ਅਧਿਐਨ ਵਾਲੇ ਵਿਸ਼ੇ ਪੇਸ਼ ਕੀਤੇ ਹਨ। ਬੁੱਲ੍ਹੇ ਸ਼ਾਹ ਦੇ ਜੀਵਨ ਦਾ ਦੂਸਰੇ ਸੂਫ਼ੀ ਕਵੀਆਂ ਨਾਲ ਤੁਲਨਾਤਮਿਕ ਅਧਿਐਨ ਕਰ ਕੇ ਉਨ੍ਹਾਂ ਦੇ ਸ਼ਬਦਾਂ ਅਤੇ ਕਾਫ਼ੀਆਂ ਦਾ ਜਿੱਥੇ ਤੁਲਨਾਤਮਿਕ ਅਧਿਐਨ ਕੀਤਾ ਗਿਆ ਹੈ, ਉੱਥੇ ਨਾਲ ਹੀ ਇਹਨਾਂ ਵਿੱਚ ਸੂਫ਼ੀ- ਮੱਤ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਨੂੰ ਪ੍ਰਗਟਾਇਆ ਹੈ। ਰਾਸ਼ੀਦ ਰਸੀਦ ਵੱਲੋਂ ਕਲਾਮ ਬੁੱਲੇ ਸ਼ਾਹ ਦਾ ਲੋਕਯਾਨਿਕ ਅਧਿਐਨ ਕੀਤਾ ਗਿਆ ਹੈ। ਸਾਈ ਬੁੱਲ੍ਹੇ ਸ਼ਾਹ ਜੀ ਦੇ ਵਿਸ਼ੇ ਵਿੱਚ ਚਿੰਤਨ ਤੇ ਕਲਾ ਨੂੰ ਗੁਰਦੇਵ ਸਿੰਘ ਗਿੱਲ ਨੇ ਬਾਖ਼ੂਬੀ ਨਿਭਾਇਆ ਹੈ।

ਮੇਰੇ ਇਸ ਖੋਜ ਕਾਰਜ ਦੀ ਵਿਲੱਖਣਤਾ ਇਸ ਵਿਸ਼ੇ ਵਿੱਚ ਪੇਸ਼ ਕੀਤੇ ਗਏ ਸੂਫ਼ੀ ਮੱਤ ਨਾਲ ਸੰਬੰਧਿਤ ਅਧਿਆਤਮਕ ਅਤੇ ਬ੍ਰਹਮ ਸਰੂਪ ਪਰਮਾਤਮਾ ਦੇ ਰਹੱਸ ਨੂੰ ਪਾਉਣ ਦੇ ਸੰਕਲਪ ਨੂੰ ਪੇਸ਼ ਕੀਤਾ ਗਿਆ ਹੈ। ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚਲੀ ਵਿਦਰੋਹੀ ਚੇਤਨਾ ਉੱਪਰ ਬਹੁਤ ਘੱਟ ਪੱਧਰ ਤੇ ਅਸੰਭਵ ਕਾਰਜ ਕੀਤਾ ਗਿਆ ਹੈ। ਇਸ ਲਈ ਮੇਰੇ ਇਸ ਵਿਸ਼ੇ ਉੱਤੇ ਕੀਤੇ ਗਏ ਯਤਨ ਯੋਗ ਉਪਰਾਲੇ ਵਿੱਚ ਸੰਪੂਰਨਤਾ ਪਾਉਣ ਦੇ ਲਈ ਇਸ ਵਿਸ਼ੇ ਦੀ ਸਾਰਥਿਕਤਾ ਅਤੇ ਅਜੋਕੇ ਸਮਾਜ ਦੀ ਪ੍ਰਸੰਗਿਕਤਾ ਨੂੰ ਪੇਸ਼ ਕਰ ਰਹੀ ਹਾਂ।

ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦਾ ਸੰਬੰਧ ਸੂਫ਼ੀ ਮੱਤ ਨਾਲ ਹੋਣ ਕਰ ਕੇ ਇਹ ਰਹੱਸਮਈ ਅਤੇ ਮਾਨਸਿਕ ਸ਼ਾਂਤੀ ਨੂੰ ਪ੍ਰਗਟਾਉਂਦੀ ਹੈ। ਉੱਥੇ ਹੀ ਇਹਨਾਂ ਕਾਫ਼ੀਆਂ ਵਿੱਚ ਵਿਦਰੋਹੀ ਚੇਤਨਾ ਦਾ ਸੰਦੇਸ਼ ਵੀ ਪ੍ਰਗਟਾਉਂਦੀ ਹੈ।ਅਜੋਕੇ ਯੁੱਗ ਵਿੱਚ ਵੀ ਕਈ ਲੋਕ ਇਸ ਤਰ੍ਹਾਂ ਦੇ ਹਨ ਜਿਹੜੇ ਪਾਖੰਡੀ, ਧਰਮਾਂ, ਜਾਤਾਂ, ਨਸਲਾਂ ਆਦਿ ਵਿੱਚ ਆਪਣੇ ਆਪ ਨੂੰ ਨਿਤਾੜ ਕੇ ਦੇਖ ਰਹੇ ਹਨ। ਉਹ ਪ੍ਰਮਾਤਮਾ ਦੇ ਸਰੂਪ ਨੂੰ ਭੁੱਲ ਕੇ ਇਸ਼ਕ ਹਕੀਕੀ ਤੋਂ ਇਸ਼ਕ ਮਜਾਜ਼ੀ ਤੱਕ ਪੁੱਜ ਗਏ ਹਨ।ਬ੍ਰਹਮ- ਸਰੂਪ ਪ੍ਰਮਾਤਮਾ ਦਾ ਗ਼ਲਤ ਪ੍ਰਯੋਗ ਕਰਨ ਵਿੱਚ ਮਾਹਿਰ ਸੰਸਾਰ ਪਾਖੰਡਾਂ ਤੇ ਆਡੰਬਰਾਂ ਵਿੱਚ ਫ਼ਸਿਆ ਹੋਇਆ ਹੈ। ਪੰਜਾਬੀ ਕਵੀ ਸੂਫ਼ੀਵਾਦ ਵਿੱਚ ਰਹੱਸਵਾਦੀ ਅਤੇ ਰੱਬ ਦੀ ਸਿਰਜੀ ਸਮੁੱਚੀ ਕਾਇਨਾਤ ਵਿਚੋਂ ਪਰਮਾਤਮਾ ਦੀ ਤਲਾਸ਼ ਅਤੇ ਉਸ ਦੀ ਇਕਸੁਰਤਾ ਹਾਸਿਲ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਹੈ। ਰੱਬ ਨਾਲ ਇਕਸੁਰਤਾ ਜਾਂ ਉਸ ਵਿਚ ਅਭੇਦਤਾ ਪੂਰਨ ਰੂਪ ਵਿੱਚ ਮੁਕਤੀ ਤੋਂ ਬਾਅਦ ਹੀ ਸੰਭਵ ਹੁੰਦੀ ਹੈ। ਪ੍ਰੰਤੂ ਕਈ ਪ੍ਰਸਥਿਤੀਆਂ ਵਿੱਚ ਇਹ ਜਿਊਂਦੇ ਜੀ ਪ੍ਰਾਪਤ ਹੋ ਸਕਦੀ ਹੈ। ਮੁਸਲਮਾਨਾਂ ਦੇ ਨਾਂ ਵਿੱਚ ਮਹਿਬੂਬ (ਆਸ਼ਿਕ) ਅਤੇ ਔਰਤ (ਮਾਸ਼ੂਕ) ਦੋਵੇਂ ਸੀ। ਪ੍ਰੰਤੂ ਪੰਜਾਬੀ ਸੂਫ਼ੀ ਕਵਿਤਾ ਵਿੱਚ ਕੇਵਲ ਆਸ਼ਿਕ ਬਣ ਗਿਆ। ਇਸ ਲਈ ਪੰਜਾਬੀ ਸੂਫ਼ੀ ਕਾਵਿ- ਧਾਰਾ ਵਿਚਲਾ ਆਸ਼ਿਕ ਰੱਬ ਨੂੰ ਮੰਨਿਆ ਗਿਆ ਹੈ। ਅਤੇ ਸੂਫ਼ੀ ਜਾਂ ਮਨੁੱਖੀ ਆਤਮਾ ਔਰਤ (ਮਾਸ਼ੂਕ) ਨੂੰ ਮੰਨਿਆ ਗਿਆ ਹੈ।ਜੋ ਮਾਇਆ ਦੇ ਭਰਮਾਂ ਕਰ ਕੇ ਆਪਣੇ ਪ੍ਰੇਮੀ ਤੋਂ ਵਿੱਛੜੀ ਹੋਈ ਹੈ। ਸੂਫ਼ੀ ਆਤਮਾ ਅਕਸਰ ਵਿਰਲਾਪ ਕਰਦੀ ਹੈ ਰੋਂਦੀ ਹੈ, ਕੁਰਲਾਉਂਦੀ ਹੈ। ਆਪਣੇ ਮਹਿਬੂਬ ਨਾਲ ਵਿਆਕੁਲ ਹੋਈ ਤਾਂਘਦੀ ਹੈ। ਹੀਰ-ਰਾਂਝਾ , ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ ਦੀਆ ਗਾਥਾਵਾਂ ਪਿਆਰ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਅਭੇਦ ਨਹੀਂ ਪੇਸ਼ ਕੀਤਾ ਗਿਆ।

## 1.2. ਖੋਜ ਕਾਰਜ ਦੇ ਉਦੇਸ਼

ਕੋਈ ਵੀ ਖੋਜ ਕਾਰਜ ਕਿਸੇ ਨਾ ਕਿਸੇ ਉਦੇਸ਼ ਦੀ ਪੂਰਤੀ ਲਈ ਕੀਤਾ ਜਾਂਦਾ ਹੈ। ਬਿਨਾਂ ਉਦੇਸ਼ ਦੇ ਕੋਈ ਵੀ ਖੋਜ ਕਾਰਜ ਸਾਰਥਿਕ ਨਹੀਂ ਹੈ। ਇਸ ਲਈ ਮੇਰੇ ਇਸ ਖੋਜ ਕਾਰਜ ਦੇ ਵੀ ਕੁੱਝ ਉਦੇਸ਼ ਹਨ। ਉਮੀਦ ਹੈ ਕਿ ਆਪਣੇ ਇਸ ਖੋਜ ਕਾਰਜ ਰਾਹੀਂ ਅਸੀਂ ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਕਰ ਸਕਾਂਗੇ।

1. ਮੇਰੇ ਖੋਜ ਕਾਰਜ ਦਾ ਉਦੇਸ਼ ਇਸਲਾਮ ਧਰਮ ਦੀ ਰੂਹਾਨੀਅਤ ਫ਼ਲਸਫ਼ੇ ਨੂੰ ਅਪਣਾਉਣ ਦੀ ਸੂਫ਼ੀ ਵਿਚਾਰਧਾਰਾ ਦਾ ਸਰੂਪ ਨਿਰਧਾਰਿਤ ਕਰਨਾ।

2. ਸੂਫ਼ੀ ਕਵੀਆਂ ਵਿਚੋਂ ਬਾਬਾ ਬੁੱਲ੍ਹੇ ਸ਼ਾਹ ਜੀ ਦੀ ਰਚਨਾ ਦੇ ਪੱਖ ਕਾਫ਼ੀ ਕਾਵਿ ਰੂਪ ਸਾਹਿਤ ਦੀ ਵਿਚਾਰਧਾਰਾ ਦੱਸਣੀ।

3. ਮਨੁੱਖੀ ਜੀਵਨ ਵਿੱਚ ਹੋ ਰਹੇ ਕੂ-ਵਰਤਾਰੇ ਦੀ ਸਮੱਸਿਆ ਦਾ ਹੱਲ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਰਾਹੀ ਦੱਸਣਾ

੪. ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੀ ਅਜੋਕੇ ਸਮੇਂ ਵਿੱਚ ਪ੍ਰਸੰਗਿਕਤਾ ਸਿੱਧ ਕਰਨੀ।

## 1.3. ਖੋਜ ਵਿਧੀਆਂ

ਕਿਸੇ ਵੀ ਖੋਜ ਪ੍ਰਬੰਧ ਨੂੰ ਪੂਰਾ ਕਰਨ ਲਈ ਸਾਨੂੰ ਕੁੱਝ ਵਿਧੀਆਂ ਦਾ ਉਪਯੋਗ ਕਰਨਾ ਪੈਂਦਾ ਹੈ। ਸੋ ਅਸੀਂ ਇਸ ਖੋਜ ਕਾਰਜ ਨੂੰ ਪੂਰਾ ਕਰਨ ਲਈ ਹੇਠ ਲਿਖੀਆਂ ਵਿਧੀਆਂ ਦਾ ਉਪਯੋਗ ਕਰਾਂਗੇ।

## ਰਹੱਸਵਾਦ ਵਿਧੀ

ਸੂਫ਼ੀ -ਮੱਤ ਵਿੱਚ ਰਹੱਸਵਾਦੀ ਕਵੀ ਦਾ ਆਦਰਸ਼ ਰੱਬ ਦੀ ਸਿਰਜੀ ਸਮੁੱਚੀ ਕਾਇਨਾਤ ਵਿਚੋਂ ਉਸ ਦੀ ਤਲਾਸ਼ ਕਰਨਾ ਤੇ ਇਕਸੁਰਤਾ ਹਾਸਿਲ ਕਰਨਾ ਸੀ।

ਰੱਬ ਨਾਲ ਇਹ ਏਕਤਾ ਤੇ ਅਭੇਦਤਾ ਮੌਤ ਤੋਂ ਬਾਅਦ ਹੀ ਸੰਭਵ ਸੀ। ਪਰੰਤੂ ਸੂਫ਼ੀ-ਮੱਤ ਅਨੁਸਾਰ ਚੱਲ ਕੇ ਇਹ ਜਿਉਂਦੇ -ਜੀਅ ਵੀ ਪ੍ਰਾਪਤ ਹੋ ਸਕਦੀ ਹੈ। ਪੰਜਾਬੀ ਸੂਫ਼ੀ ਦੂਜੇ ਰਹੱਸਵਾਦੀਆਂ ਦੀ ਤਰ੍ਹਾਂ ਰੱਬ ਨੂੰ ਆਪਣਾ ਮਹਿਬੂਬ ਕਹਿੰਦਾ ਹੈ। ਇਸਲਾਮ ਧਰਮ ਵਿੱਚ ਮਹਿਬੂਬ ਮਰਦ( ਆਸ਼ਕ ) ਅਤੇ ਔਰਤ (ਮਸ਼ੂਕ) ਦੋਨੋਂ ਹੀ ਸੀ। ਪਰ ਪੰਜਾਬੀ ਸੂਫ਼ੀ ਕਵਿਤਾ ਵਿੱਚ ਇਹ ਕੇਵਲ ਆਸ਼ਕ ਹੀ ਬਣ ਕੇ ਰਹਿ ਗਿਆ।

ਇਸ ਤਰ੍ਹਾਂ ਪੰਜਾਬੀ ਸੂਫ਼ੀ ਧਰਮਾਂ ਵਿੱਚ ਮਹਿਬੂਬ, ਮਰਦ (ਆਸ਼ਕ) ਹੈ ਤੇ ਔਰਤ (ਮਸ਼ੂਕ) ਹੈ। ਪਰ ਇਹ ਮੋਹ-ਮਾਇਆ ਦੇ ਕਰ ਕੇ ਆਪਣੇ ਪ੍ਰੇਮੀ ਤੋਂ ਵਿੱਛੜੀ ਹੋਈ ਹੈ।

## ਮਨੋਵਿਗਿਆਨਕ ਵਿਧੀ

ਮਨੋਵਿਗਿਆਨ ਉਹ ਵਿਗਿਆਨ ਹੈ, ਜੋ ਮਨੁੱਖੀ ਮਨ ਦਾ ਅਧਿਐਨ ਕਰਦਾ ਹੈ।ਮਨੁੱਖੀ ਮਨ ਦੀ ਹੋਂਦ ਸਰੀਰ ਵਿੱਚ ਹੀ ਸੰਭਵ ਹੈ। ਇਸ ਲਈ ਇਸ ਦਾ ਅਧਿਐਨ ਖੇਤਰ ਵੀ ਮਨੁੱਖੀ ਮਨ ਅਤੇ ਮਨੁੱਖੀ ਸਰੀਰ ਨਾਲ ਹੈ। ਮਨ ਤੋਂ ਭਾਵ ਮਾਨਸਿਕਤਾ ਤੋਂ ਹੈ। ਮਨੁੱਖੀ ਮਨ ਦਾ ਕੋਈ ਹਿੱਸਾ ਸੁਚੇਤ, ਅਰਧ ਸੁਚੇਤ ਜਾ ਅਵਚੇਤਨ ਜਾਂ ਜਦੋਂ ਕਿਸੇ ਵਿਸ਼ੇਸ਼ ਦਿਸ਼ਾ ਵੱਲ ਯਾਤਰਾ ਕਰਦਾ ਹੈ ਤਾਂ ਉਸ ਵਿਚੋਂ ਉਪਜੀਆਂ ਬਿਰਤੀਆਂ ਨੂੰ ਮਾਨਸਿਕਤਾ ਕਿਹਾ ਜਾਂਦਾ ਹੈ। ਮਨੋ -ਵਿਗਿਆਨ ਮਨੁੱਖੀ ਵਿਵਹਾਰ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਬਹੁਤ ਗੁੰਝਲਦਾਰ ਹੈ। ਗੁੰਝਲਦਾਰ ਮਨ ਗੁੰਝਲਦਾਰ ਵਿਵਹਾਰ ਦਾ ਕਾਰਨ ਬਣਦਾ ਹੈ। ਮਨੁੱਖੀ ਮਨ ਵਿੱਚ ਸਭ ਤੋਂ ਵੱਧ ਉਲਝਣਾ ਤੇ ਉਹ ਅਨੁਭਵ ਆਉਂਦੇ ਹਨ ਜਿਨ੍ਹਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਵਿੱਚ ਸਭ ਤੋਂ ਵੱਧ ਝਿਜਕ ਹੁੰਦੀ ਹੈ। ਮਨੋ- ਵਿਗਿਆਨ ਦਾ ਮੋਢੀ ਸਿਗਮੰਡ ਫਰਾਇਡ ਹੈ। ਇਸ ਪਿੱਛੋਂ ਯੁੰਗ ਅਤੇ ਐਡਲਰ ਨੇ ਇਸ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਫਰਾਇਡ ਅਨੁਸਾਰ ਮਨੁੱਖੀ ਸਰੀਰ ਵਾਂਗ ਮਨੁੱਖੀ ਮਨ ਵੀ ਬਿਮਾਰ ਹੋ ਜਾਂਦਾ ਹੈ। ਬਿਮਾਰ ਮਨ, ਬਿਮਾਰ ਮਾਨਸਿਕਤਾ ਦੀ ਸਿਰਜਣਾ ਕਰਦਾ ਹੈ। ਮਨੁੱਖ ਦੀਆਂ ਖੁਵਾਹਿਸ਼ਾਂ ਅਤੇ ਬਾਹਰੀ ਸਮਾਜ ਦੇ ਵਿਚਕਾਰ ਵਿਰੋਧ ਹੈ। ਸਮਾਜ ਦੇ ਵਿਰੋਧ ਦੇ ਬਾਵਜੂਦ ਇਹ ਦੱਬੀਆਂ-ਘੁੱਟੀਆਂ ਖਵਾਹਿਸ਼ਾ ਕਦੀ-ਕਦੀ ਜਦੋਂ ਪੂਰਤੀ ਲਈ ਸਿਰ ਚੁੱਕਦੀਆਂ ਹਨ ਤਾਂ ਮਾਨਸਿਕ ਤਨਾਅ ਜਾਂ ਉਲਝਣਾਂ ਨੂੰ ਸੁਲਝਾਉਣ ਲਈ ਜਿਹੜੀ ਵਿਧੀ ਵਰਤੀ ਜਾਂਦੀ ਹੈ ਉਸ ਨੂੰ ਮਨੋਵਿਗਿਆਨੀ ਵਿਧੀ ਕਿਹਾ ਜਾਂਦਾ ਹੈ। ਫ਼ਰਾਇਡ ਨੇ ਆਪਣੀ ਮਨੋਵਿਸ਼ਲੇਸ਼ਣ ਰਾਹੀਂ ਜੋ ਪ੍ਰੀਖਣ ਕੀਤੇ ਹਨ ਉਨ੍ਹਾਂ ਨੂੰ ਨਿਮਨ ਲਿਖਤ ਭਾਗਾਂ ਵਿੱਚ ਵੰਡ ਕੇ ਉਸ ਸਿਧਾਂਤ ਅਤੇ ਵਿਧੀਆਂ ਨੂੰ ਸਮਝ ਸਕਦੇ ਹਨ।

1. ਮਨ ਦੇ ਤਿੰਨ ਭਾਗ: ਇਡ, ਅਹੰ, ਨੈਤਿਕ ਮਨ

2. ਅਚੇਤਨ ਮਨ

3. ਕਾਮ ਸ਼ਕਤੀ

4. ਇਡੀਪਸ ਗ੍ਰੰਥੀ ਅਤੇ ਇਲੈਕਟਰਾ ਗ੍ਰੰਥੀ

5. ਜੀਵਨ ਅਤੇ ਮਰਨ ਦੀ ਪ੍ਰਵਿਰਤੀ।

ਸੂਫ਼ੀ ਮੱਤ ਵਿੱਚ ਬਹੁਤ ਸਾਰੇ ਸੂਫ਼ੀ ਕਵੀ ਪ੍ਰਚੱਲਿਤ ਹੋਏ ਹਨ, ਜਿਵੇਂ ਕਿ ਸ਼ੇਖ਼ ਫ਼ਰੀਦ ਜੀ, ਸ਼ਾਹ ਹੁਸੈਨ, ਸਾਂਈ ਬੁੱਲੇ ਸ਼ਾਹ ਜੀ, ਆਦਿ।ਇਹਨਾਂ ਵਿੱਚ ਸਾਰੇ ਕਵੀਆਂ ਦੀ ਮਾਨਸਿਕ ਅਵਸਥਾ ਦਰਸਾਈ ਹੈ ਜਿਵੇਂ ਕਿ ਸਾਂਈ ਬੁੱਲ੍ਹੇ ਸ਼ਾਹ ਜੀ ਆਪਣੇ ਮੁਰਸ਼ਦ ਨਾਲ ਮਿਲਾਪ ਲਈ ਪ੍ਰਸਿੱਧ ਹਨ। ਜਦੋਂ ਸ਼ਾਹ ਅਨਾਇਤ ਨਾਲ ਸਾਂਈ ਬੁੱਲ੍ਹੇ ਸ਼ਾਹ ਜੀ ਜੁੜੇ ਸਨ ਤਾਂ ਉਨ੍ਹਾਂ ਦੀਆਂ ਗੱਲਾਂ ਨੇ ਬੁੱਲ੍ਹੇ ਨੂੰ ਬਹੁਤ ਪ੍ਰਭਾਵਿਤ ਕੀਤਾ। ਉਨ੍ਹਾਂ ਦੀਆ ਗੱਲਾਂ ਤੋਂ ਬੁੱਲ੍ਹੇ ਸ਼ਾਹ ਨੂੰ ਸਮਝ ਆ ਗਈ ਕਿ ਬੱਸ ਦੁਨੀਆ ਵੱਲੋਂ ਮਨ ਨੂੰ ਤੋੜਨਾ ਹੈ ਤੇ ਰੱਬ ਵੱਲ ਜੋੜਨਾ ਹੈ। ਇਹ ਹੀ ਅਸਲ ਫ਼ਕੀਰੀ ਹੈ। ਬੁੱਲ੍ਹੇ ਨੂੰ ਆਪਣੇ ਮੁਰਸ਼ਦ ਸ਼ਾਹ ਅਨਾਇਤ ਤੇ ਮਾਣ ਹੈ। ਸੂਫ਼ੀ ਵਾਦ ਵਿੱਚ ਜਦੋਂ ਜਿਆਦਾ ਮਨ ਮੁਰਸ਼ਦ ਦਾ ਮੁਰੀਦ ਹੋ ਜਾਵੇ ਤਾਂ ਉਸ ਇਸ਼ਕ ਨੂੰ ਇਸ਼ਕ ਮਜਾਜ਼ੀ ਨਾਲ ਜੋੜਿਆ ਜਾਂਦਾ ਹੈ। ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ ਸੂਫ਼ੀ ਮੱਤ ਵਿੱਚ ਮਨੋ ਸਥਿਤੀ ਪੂਰੀ ਤਰ੍ਹਾਂ ਮੁਰਸ਼ਦ ਨਾਲ ਜੁੜੀ ਹੋਈ ਹੈ ਤੇ ਉਸ ਵਿੱਚ ਹੀ ਲੀਨ ਹੈ।

## ਸਮਾਜ ਸ਼ਾਸਤਰੀ ਵਿਧੀ

ਇਸ ਵਿੱਚ ਕਿਸੇ ਵੀ ਰਚਨਾ ਨੂੰ ਸਮਾਜਿਕ ਪਰਿਪੇਖ ਵਿੱਚ ਰੱਖ ਕੇ ਦੇਖਿਆ ਜਾਂਦਾ ਹੈ। ਇਸ ਵਿੱਚ ਸਾਡੇ ਸਾਹਮਣੇ ਜੋ ਵਾਪਰਦਾ ਹੈ ਜਾਂ ਜਿਸ ਪ੍ਰਕਾਰ ਦਾ ਸਮਾਜ ਰਚਨਾਵਾਂ ਵਿੱਚ ਵਿਖਾਇਆ ਜਾਂਦਾ ਹੈ ਉਸੇ ਦਾ ਹੀ ਸਿੱਧਾ-ਸਿੱਧਾ ਅਧਿਐਨ ਕਰਨਾ ਹੁੰਦਾ ਹੈ। ਇਸ ਖੋਜ ਪ੍ਰਬੰਧ ਵਿੱਚ ਇਹ ਵਿਧੀ ਲਾਗੂ ਹੁੰਦੀ ਹੈ ਕਿਉਂਕਿ ਸਾਹਿਤ ਦੀ ਕੋਈ ਵੀ

ਰਚਨਾ ਸਮਾਜ ਤੋਂ ਵੱਖ ਨਹੀਂ ਹੋ ਸਕਦੀ ਅਤੇ ਸਾਂਈ ਬੁੱਲ੍ਹੇ ਸ਼ਾਹ ਜੀ ਨੇ ਵੀ ਸਮਾਜ ਦੀਆਂ ਵੱਖ-ਵੱਖ ਸਥਿਤੀਆਂ ਨੂੰ ਸਾਹਮਣੇ ਲੈ ਕੇ ਆਉਣ ਦੀ ਕੋਸ਼ਿਸ਼ ਕੀਤੀ ਹੈ।

ਸੂਫ਼ੀ ਮੱਤ ਵਿੱਚ ਸਮਾਜ ਸ਼ਾਸਤਰ ਅਧਿਐਨ ਦੇਖਣ ਨੂੰ ਮਿਲਦਾ ਹੈ ,ਉਸ ਸਮੇਂ ਦੇ ਸਮਾਜ ਨੂੰ ਬਖ਼ੂਬੀ ਬਿਆਨ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਲੋਕ ਫੋਕੇ ਕਰਮਾਂ ਕਾਂਡਾਂ, ਖੋਖਲੇ ਰਸਮਾਂ ਰਿਵਾਜ਼ਾਂ ਆਦਿ ਵਿੱਚ ਫਸੇ ਹੋਏ ਸਨ ਤੇ ਕਿਵੇਂ ਅਮੀਰਾਂ ਦੁਆਰਾ ਗ਼ਰੀਬ ਲੋਕਾਂ ਤੇ ਲੁੱਟ ਮਾਰ ਹੋ ਰਹੀ ਸੀ ਤੇ ਗ਼ਰੀਬਾਂ ਨੂੰ ਉਹਨਾ ਦੀ ਮਿਹਨਤ ਦਾ ਮੁਆਵਜ਼ਾ ਨਹੀਂ ਮਿਲਦਾ। ਉਸ ਸਮੇਂ ਦੇ ਕਈ ਲੋਕ ਰੱਬ ਨੂੰ ਪਾਉਣ ਲਈ ਕਿਵੇਂ ਜੰਗਲਾਂ ਵਿੱਚ ਸਮਾਧੀ ਲਗਾ ਬੈਠੇ ਹਨ ਤੇ ਕਿਵੇਂ ਗ੍ਰਹਿਸਤ ਜੀਵਨ ਨੂੰ ਤਿਆਗ ਦਿੱਤਾ ਹੈ। ਇੱਥੇ ਇਹਨਾਂ ਸਭ ਗੱਲਾ ਨੂੰ ਦੇਖਦੇ ਹੋਏ ਸਾਈ ਬੁੱਲ੍ਹੇ ਸ਼ਾਹ ਜੀ ਨੇ ਸੱਚਾ ਤੇ ਸਾਦਾ ਜੀਵਨ ਬਤੀਤ ਕਰਨ ਦਾ ਉਦੇਸ਼ ਦਿੱਤਾ ਹੈ।

## 1.4. ਪੂਰਵ-ਖੋਜ ਕਾਰਜ ਖੇਤਰ

1. ਇਕਬਾਲ ਸਿੰਘ, ਬੁੱਲ੍ਹੇ ਸ਼ਾਹ ਦੇ ਕਾਵਿ ਦਾ ਚਿਹਨ ਵਿਗਿਆਨਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2007.

2. ਇੰਦਰਜੀਤ ਕੌਰ, ਪੰਜਾਬੀ ਸੂਫ਼ੀ ਕਵਿਤਾ: ਦਾਰਸ਼ਨਿਕ ਅਧਿਐਨ(ਬਾਬਾ ਫ਼ਰੀਦ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦੇ ਵਿਸ਼ੇਸ਼ ਸੰਦਰਭ ਵਿੱਚ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ,2003.

3. ਕਮਲਪ੍ਰੀਤ ਕੌਰ, ਪੰਜਾਬੀ ਸੂਫ਼ੀ ਕਾਵਿ ਵਿੱਚ ਹਾਸ਼ੀਆ ਗਤ ਮਨੁੱਖ ਦੀ ਚੇਤਨਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2014.

4. ਜਸਵਿੰਦਰ ਕੌਰ, ਫ਼ਰੀਦ ਤੇ ਬੁੱਲ੍ਹੇ ਸ਼ਾਹ ਦਾ ਤੁਲਨਾਤਮਿਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

5. ਨਰਿੰਦਰ ਕੌਰ, ਬੁੱਲ੍ਹੇ ਸ਼ਾਹ ਦੇ ਕਾਵਿ ਦਾ ਚਿੰਨ੍ਹ ਵਿਗਿਆਨਕ ਅਧਿਐਨ, ਜੰਮੂ ਯੂਨੀਵਰਸਿਟੀ, ਜੰਮੂ, 2011.

6. ਰਾਸ਼ਿਦ ਰਸ਼ੀਦ, ਕਲਾਮ ਬੁੱਲ੍ਹੇ ਸ਼ਾਹ ਦਾ ਲੋਕਯਾਨਿਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

7. ਸ਼ਰਦੇਵ ਸਿੰਘ ਗਿੱਲ, ਸਾਈਂ ਬੁੱਲ੍ਹੇ ਸ਼ਾਹ : ਚਿੰਤਨ ਤੇ ਕਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.ਦਵਾਈ।

# BULLEH SHAH DIYAN KAFIYA WICH VIDROHI CHETNA

## ਅਧਿਆਇ ਦੂਸਰਾ

## ਇਸਲਾਮ ਅਤੇ ਸੂਫ਼ੀਵਾਦ

ਪੰਜਾਬੀ ਸੂਫ਼ੀ ਕਾਵਿ ਦਾ ਵਿਕਾਸ

ਸੂਫ਼ੀ ਕੋਣ ਹੈ ?

ਸੂਫ਼ੀ ਰੱਬ ਦੇ ਰਾਹ ਦਾ ਇੱਕ ਰਾਹੀ ਹੈ, ਮਾਨੋਂ ਰੱਬ ਤੱਕ ਪਹੁੰਚਣਾ ਉਸ ਦਾ ਆਦਰਸ਼ ਹੈ ਅਤੇ ਇੱਕ ਖ਼ਾਸ ਰਾਹ ਤੋਂ ਉਸ ਲੰਘਣਾ ਹੈ। ਇਹ ਰਾਹ ਕੋਈ ਬਾਹਰਲਾ ਰਾਹ ਨਹੀਂ, ਇੱਕ ਆਤਮਕ ਰਾਹ ਹੈ। ਸੂਫ਼ੀ ਲੋਕ ਕਾਅਬੇ ਨੂੰ ਕਾਅਬਾ ਨਹੀਂ ਸਗੋਂ ਕਾਅਬੇ ਦਾ ਸੂਚਕ ਇੱਥੇ ਮੀਲ ਪੱਥਰ ਜਾਂ ਇੱਕ ਚਿੰਨ੍ਹ ਸਮਝਦੇ ਹਨ। ਅਸਲ ਕਾਅਬਾ ਕੋਈ ਹੋਰ ਹੈ ਤੇ ਕੋਈ ਅੰਤਰੀਵ ਅਵਸਥਾ ਜਾਂ ਰਹੱਸ ਹੈ। ਬੁੱਲ੍ਹਾ ਇਸ ਕਾਅਬੇ ਬਾਰੇ ਕਹਿੰਦਾ ਹੈ:

'ਹਾਜੀ' ਲੋਕ ਮੱਕੇ ਨੂੰ ਜਾਂਦੇ ਅਸਾਂ ਜਾਣਾ ਤਖ਼ਤ ਹਜ਼ਾਰੇ।

ਜਿਤ ਵਲ ਯਾਰ ਉਤੇ ਵਲ ਕਾਅਬਾ ਭਾਵੇਂ ਵੇਖ ਕਿਤਾਬਾਂ ਚਾਰੇ।'

ਸੂਫ਼ੀਵਾਦ ਦੀਆਂ ਚਾਰ ਵੱਡੀਆਂ ਮੰਜ਼ਲਾਂ ਹਨ: ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਹਕੀਕਤ। ਭਾਵੇਂ ਸ਼ਰੀਅਤ ਦੀ ਆਪਣੀ ਸਮਾਜਿਕ ਅਤੇ ਸਦਾਚਾਰਕ ਮਹੱਤਤਾ ਹੈ, ਪਰ ਸੂਫ਼ੀਵਾਦ ਵਿਚ ਸਮਾਜ ਤੇ ਸਦਾਚਾਰ ਨਾਲੋਂ ਵਧੇਰੇ ਜ਼ੋਰ ਆਤਮਿਕ ਰਹੱਸ 'ਤੇ ਦਿੱਤਾ ਗਿਆ ਹੈ।

ਡਾ. ਪਰਮਿੰਦਰ ਸਿੰਘ ਕਸੇਲ ਅਨੁਸਾਰ

# BULLEH SHAH DIYAN KAFIYA WICH VIDROHI CHETNA

" ਪੰਜਾਬ ਵਿੱਚ ਸੂਫ਼ੀਆਂ ਦੇ ਅੱਡੇ ਪੂਰਵ ਨਾਨਕ ਕਾਲ ਵਿੱਚ ਸਥਾਪਿਤ ਹੋ ਚੁੱਕੇ ਸਨ ਅਤੇ ਪਹਿਲੇ ਮੁਸਲਮਾਨ ਬਾਦਸ਼ਾਹਾ ਨੂੰ ਰਾਜ ਖੇਤਰ ਵਧਾਉਣ ਦੇ ਚਾਅ ਦੇ ਨਾਲ-ਨਾਲ ਧਰਮ ਨੂੰ ਫੈਲਾਉਣ ਦੀ ਲੋਚਾ ਵੀ ਸੀ। ਪਹਿਲੇ ਸੂਫ਼ੀ ਫ਼ਕੀਰਾਂ ਨੇ ਆਪਣੇ ਢੰਗ ਨਾਲ ਇਸਲਾਮ ਦਾ ਪ੍ਰਚਾਰ ਕੀਤਾ। "[1]

ਇਸੇ ਕਾਲ ਤੋਂ ਸੂਫ਼ੀਮਤ ਵਿੱਚ ਕਾਫ਼ੀ ਪਰਿਵਰਤਨ ਆਉਣੇ ਸ਼ੁਰੂ ਹੋ ਗਏ ਸਨ ਅਤੇ ਬਹੁਤ ਸਾਰੇ ਭਾਰਤੀਆਂ ਦੀ ਮਤ ਦੇ ਅਨੁਸਾਰ ਖਾਸ ਕਰ ਕੇ ਭਗਤੀਮਤ ਦਾ ਇਹਨਾਂ ਉੱਤੇ ਕਾਫ਼ੀ ਪ੍ਰਭਾਵ ਪੈ ਗਿਆ ਸੀ ਇਸ ਕਾਲ ਦੇ ਸੂਫ਼ੀਆਂ ਵਿੱਚ ਸ਼ਰੀਅਤ ਨਾਲੋਂ ਤਰੀਕਤ ਤੇ ਜੋਰ ਵਧੇਰੇ ਸੀ। ਅਰਬੀ ਸਿਧਾਂਤਾ ਨਾਲੋਂ ਈਰਾਨੀ ਅਤੇ ਭਾਰਤ ਭਗਤੀ ਦੀ ਰੰਗਣ ਵਧੇਰੇ ਹੈ। ਰੱਬ ਦੇ ਡਰ ਦੇ ਨਾਲ-ਨਾਲ ਪ੍ਰੇਮਾਂ ਭਗਤੀ ਤੇ ਇਸ਼ਕ ਉੱਤੇ ਜ਼ੋਰ ਹੈ।

ਡਾ. ਲਾਜਵੰਤੀ ਰਾਮਾਕ੍ਰਿਸ਼ਨ ਅਨੁਸਾਰ

"ਸੂਫ਼ੀਮਤ ਦਾ ਮੁੱਢ ਇਸਲਾਮ ਵਿੱਚ ਹੈ ਅਤੇ ਇਸ ਦਾ ਵਿਕਾਸ ਵੀ ਇਸਲਾਮ ਵਿੱਚੋਂ ਹੀ ਹੋਇਆ।"[2]

ਪਹਿਲੇ ਸੂਫ਼ੀ ਦਰਵੇਸ਼ ਹਜ਼ਰਤ ਮੁਹੰਮਦ ਸਾਹਿਬ ਸਨ। ਹਜ਼ਰਤ ਮੁਹੰਮਦ ਅਕਸਰ ਕਿਹਾ ਕਰਦੇ ਸਨ, 'ਅਲਫ਼ ਫ਼ਕਰੀ ਓ ਅਲਫ਼ ਕਰਮਣੀ।'ਅਰਥਾਤ ਮੈਨੂੰ ਆਪਣੀ ਫ਼ਕੀਰੀ ਉੱਤੇ ਮਾਨ ਹੈ ਅਤੇ ਫ਼ਕੀਰੀ ਲੋਕ ਮੇਰੇ ਆਪਣੇ ਹੀ ਹਨ। ਸੂਫ਼ੀ ਇਸਲਾਮ ਵਿੱਚ 14 ਸਿਲਸਿਲੇ ਆਉਂਦੇ ਸਨ, ਜੋ ਇਸ ਪ੍ਰਕਾਰ ਹਨ-

1. ਜ਼ੈਦੀ ਸਿਲਸਿਲਾ,- ਬਾਨੀ ਹਜ਼ਰਤ ਖ਼ੁਆਜਾ ਵਾਹਿਦ ਬਿਨ ਜ਼ੈਦ।

2. ਅਦਮੀ ਸਿਲਸਿਲਾ,- ਬਾਨੀ ਖੁਆਜ਼ਾ ਇਬਰਾਹੀਮ ਅਦਮੀ।

3. ਅਯਾਜ਼ੀਆ ਸਿਲਸਿਲਾ- , ਬਾਨੀ ਫ਼ੁਜੈਲ ਬਿਨ ਅਯਾਜ਼ਾ।

4. ਹਬੀਰਹ ਸਿਲਸਿਲਾ- ਬਾਨੀ ਖੁਆਜ਼ਾ ਅਬੂ ਹਬੀਰਹ ਅਮੀਨੁੱਦੀਨ ਬਸਰੀ

[1] ਡਾ. ਪਰਮਿੰਦਰ ਸਿੰਘ ਕਸੇਲ, ਪੰਜਾਬੀ ਸਾਹਿਤ ਦੀ ਉੱਤਪਤੀ ਤੇ ਵਿਕਾਸ, ਪੰਨਾ-131
[2] ਲਾਜਵੰਤੀ ਰਾਮਾ ਕ੍ਰਿਸ਼ਨ, ਪੰਜਾਬੀ ਸੂਫ਼ੀ ਪੋਇਟਸ, ਪੰਨਾ-14

5. ਚਿਸ਼ਤੀਆਂ ਸਿਲਸਿਲਾ- ਬਾਨੀ ਖ਼ੁਆਜਾ ਅਬੂ ਇਸ ਹਾਕ ਸ਼ਾਮੀ

6. ਅਜਮੀ ਸਿਲਸਿਲਾ- ਬਾਨੀ ਹਜ਼ਰਤ ਖ਼ੁਆਜਾ ਹਬੀਬ ਹਜ਼ਮ

7. ਕਰਖ਼ੀ ਸਿਲਸਿਲਾ- ਬਾਨੀ ਹਜ਼ਰਤ ਮਾਅਰੂਫ਼ ਕਰਖੀ

8. ਸਿਲਸਿਲਾ ਤੈਫ਼ੂਰੀਆ- ਬਾਨੀ ਖ਼ੁਆਜਾ ਬਾਯਜ਼ੀਦ ਬਿਸਤਾਨੀ।

9. ਜ਼ੁਨੈਦੀ ਸਿਲਸਿਲਾ- ਬਾਨੀ ਹਜ਼ਰਤ ਜ਼ੁਨੈਦ ਬਗ਼ਦਾਦੀ

10. ਸ਼ਕਤੀ ਸਿਲਸਿਲਾ- ਬਾਨੀ ਖ਼ੁਆਜਾ ਸਰੀ ਸ਼ਕਤੀ।

11. ਗਾਜਰੂਨੀ ਸਿਲਸਿਲਾ- ਬਾਨੀ ਖ਼ੁਆਜਾ ਅਬੂ

12. ਤੂਸੀ ਸਿਲਸਿਲਾ- ਬਾਨੀ ਹਜ਼ਰਤ ਸ਼ੇਖ਼ ਅਲਾਉੱਦੀਨ ਤੂਸੀ।

13. ਸੁਹਰਵਾਦੀ ਸਿਲਸਿਲਾ- ਬਾਨੀ ਹਜ਼ਰਤ ਸ਼ੇਖ਼ ਜਯਾਉੱਦੀਨ ਅਬੂ ਨਜੀਬ ਸੁਹਰਵਾਦੀ।

14. ਫ਼ਿਰਦੋਸੀ ਸਿਲਸਿਲਾ- ਬਾਨੀ ਹਜ਼ਰਤ ਸ਼ੇਖ਼ ਨਜ਼ਮੁੱਦੀਨ ਕਿਬਰਾ।

ਡਾ. ਧਰਮਪਾਲ ਸਿੰਗਲ ਦੇ ਅਨੁਸਾਰ

" ਸੂਫ਼ੀ ਸਾਧਨਾ ਪ੍ਰੇਮ ਸਾਧਨਾ ਦਾ ਦੂਜਾ ਨਾਮ ਹੈ। ਪ੍ਰੇਮ ਰੱਬ ਲਈ ਇਸ ਦ੍ਰਿਸ਼ਟਮਾਨ ਸੰਸਾਰ ਅਤੇ ਇਸ ਦੇ ਸਮੂਹ ਜੀਵਾਂ ਲਈ ਆਪਣੇ ਪਨ ਦਾ ਅਹਿਸਾਸ ਹੀ ਸੂਫ਼ੀ ਸਾਧਕ ਦੀ ਪਰਮ ਉੱਚ ਪ੍ਰਾਪਤੀ ਗਿਣੀ ਜਾਂਦੀ ਹੈ। ਪ੍ਰੇਮ ਲਈ

ਹਿਰਦੇ ਦੀ ਸ਼ੁੱਧਤਾ, ਅਮਲਾਂ ਵਿਚਾਰਾਂ ਦੀ ਸੁੱਚਮਤਾ, ਤਿਆਗ-ਵੈਰਾਗ 'ਤੇ ਵਿਵੇਕ ਪੈਦਾ ਹੁੰਦਾ ਹੈ। ਹਿਰਦੇ ਦੀ ਸਾਦਗੀ 'ਤੇ ਸਫ਼ਾਈ ਦਾ ਆਭਾਸ ਹੁੰਦਾ ਹੈ ਪਰ ਪ੍ਰਭੂ ਕੇਵਲ ਵਿਵੇਕ ਨਾਲ ਨਹੀਂ ਪਾਇਆ ਜਾ ਸਕਦਾ।"[3]

ਸੂਫ਼ੀ ਸ਼ਬਦ ਦੀ ਉਤਪਤੀ ਬਾਰੇ ਵਿਦਵਾਨਾਂ ਦੇ ਭਿੰਨ-ਭਿੰਨ ਮਤ ਹਨ ਸੂਫ਼ੀ ਦਾ ਨਿਕਾਸ ਸੁਫ਼ਾ ਤੋਂ ਮੰਨਣ ਵਾਲਿਆਂ ਦਾ ਵਿਚਾਰ ਹੈ ਕਿ ਮੁੱਢਲੇ ਸੂਫ਼ੀ ਕਤਾਰ ਵਿੱਚ ਬੈਠ ਕੇ ਨਮਾਜ਼ ਗੁਜ਼ਾਰਦੇ ਸਨ। ਸੂਫ਼ੀ ਅਤੇ ਸਫ਼ ਦਾ ਅਰਥ ਵਿਸਤਰਿਤ ਹੁੰਦਾ-ਹੁੰਦਾ ਸੂਫ਼ੀਆਂ ਲਈ ਹੀ ਵਰਤਿਆ ਜਾਣ ਲੱਗਾ। ਇਸ ਤਰ੍ਹਾਂ ਖ਼ਿਆਲ ਕੀਤਾ ਜਾਂਦਾ ਹੈ ਕਿ  ਮੁੱਢਲੇ ਸੂਫ਼ੀ ਫ਼ਕੀਰ ਇੱਕ ਸੂਫ਼ ਜਿਹੀ ਕਾਲੀ ਉੱਨ ਦੇ ਬਸਤਰ ਜਾਂ ਚੋਲ਼ਾ ਪਹਿਨਿਆ ਕਰਦੇ ਸਨ। ਜਿਸ ਕਾਰਨ ਇਹਨਾਂ ਨੂੰ ਸੂਫ਼ੀ ਫ਼ਕੀਰ ਦੀ ਸੰਗਿਆ ਮਿਲ ਗਈ। ਸੁਫ਼ਾ, ਸਫ਼ 'ਤੇ ਸੂਫ਼ ਤੋਂ ਛੁੱਟ ਇੱਕ ਹੋਰ ਸ਼ਬਦ ਤੋਂ ਵੀ ਇਸ ਦਾ ਨਿਕਾਸ ਮੰਨਿਆ ਜਾਂਦਾ ਹੈ। ਅਲਾਮਾ ਲੁਤਫ਼ੀ ਜੁਮਾਅ ਕਹਿੰਦੇ ਹਨ। ਕਿ ਸੂਫ਼ੀ ਲ਼ਫ਼ਜ਼ ਯੂਨਾਨੀ ਸ਼ਬਦ 'ਸੀਵ ਜਾਂ ਸੂਫ਼ੀਆਂ' ਤੋਂ ਲਿਆ ਗਿਆ ਹੈ ਜਿਸ ਦੇ ਅਰਥ ਹਨ, "ਹਿਕਮਤਿ ਇਲਾਹੀ" ਪਰ ਇਹ ਖ਼ਿਆਲ ਵੀ ਦਰੁਸਤ ਨਹੀਂ ਕੁੱਝ ਆਲਮਾਂ ਨੇ ਸੁੱਫ਼ਾਂ ਤੇ ਸਫ਼ਾਂ ਨੂੰ ਵੀ ਤਸੱਵੁਫ਼ ਦਾ ਮਾਦਾ ਕਿਹਾ ਹੈ।

ਡਾ. ਮੋਹਨ ਸਿੰਘ ਦੀਵਾਨਾ ਸੂਫ਼ੀਵਾਦ ਉੱਤੇ ਹਿੰਦੂ ਅਤੇ ਬੁੱਧ ਮਤ ਦਾ ਅਸਰ ਇਹਨਾਂ ਸ਼ਬਦਾਂ ਵਿੱਚ ਕਬੂਲ ਕਰਦੇ ਹਨ-

1. ਸੂਫ਼ੀਆਂ ਦੀ ਹਜ਼ਰਤ ਮੁਹੰਮਦ ਸਾਹਿਬ ਦੀ ਯਾਦ ਵਾਸਤੇ ਜੋ ਮੁਹੱਬਤ ਹੈ ਤੇ ਉਹ ਜਿਹੜੇ ਰੂਪ ਵਿੱਚ ਗਾਈ ਜਾਂਦੀ ਹੈ ਉਸ ਵਿੱਚ ਵੈਸ਼ਨਵਾਂ ਦੀ ਸ੍ਰੀ ਕ੍ਰਿਸ਼ਨ ਜੀ ਦੀ ਭਗਤੀ ਦੀ ਰੰਗਣ ਤੇ ਝਲਕ ਹੈ।

2. ਸੂਫ਼ੀ ਦਾ ਆਪਣੇ ਮੁਰਸ਼ਦ ਨੂੰ ਅਸਮਾਨ ਤੇ ਚੜ੍ਹਾ ਦੇਣਾ ਅਤੇ ਕੁਤਬਾਂ, ਗੌਸਾਂ, ਵਲੀਆਂ ਤੋਂ ਉਸ ਨੂੰ ਉੱਚਾ ਦਰਜਾ ਦੇਣਾ ਇਹ ਵੀ ਹਿੰਦੂ ਵੈਸ਼ਨਵੀ ਢੰਗ ਹੈ।

[3]ਡਾ. ਧਰਮਪਾਲ ਸਿੰਗਲ, ਪੰਜਾਬੀ ਸਾਹਿਤ ਦਾ ਇਤਿਹਾਸ,ਪੰਨਾਂ-100

3. ਰੱਬ ਦੇ ਹਾਜ਼ਰ ਨਾਜ਼ਰ ਪਵੇ ਤੇ ਹਰ ਸ਼ੈਅ ਦੇ ਰੱਬੀ ਰੂਪ ਹੋਣ ਦਾ ਖ਼ਿਆਲ, ਅਦਵੈਤਵਾਦ ਦੀ ਝਲਕ ਹੈ। ਜਿਹੜਾ ਸ਼ੁੱਧ ਅਦਵੈਤ ਵਿੱਚ ਇਸਲਾਮ ਦੇ ਬਹੁਤ ਵਿਰੁੱਧ ਹੈ। ਪੰਜਾਬੀ ਸੂਫ਼ੀ ਕਾਵਿ ਦਾ ਮੁੱਢ ਸ਼ੇਖ਼ ਫ਼ਰੀਦ ਗੰਜ ਤੋਂ ਬੱਝਦਾ ਹੈ ਬਾਬਾ ਜੀ ਸੂਫ਼ੀਆ ਦੀ ਚਿਸ਼ਤੀਆਂ ਰਵਾਇਤ ਦੀ ਇੱਕ ਅਹਿਮ ਕੜੀ ਸਨ ਜਿਸ ਦਾ ਆਰੰਭ ਖ਼ੁਆਜਾ ਮੁਹੱਈਉੱਦੀਨ ਚਿਸ਼ਤੀ ਦੀ ਮੁਹੱਬਤ ਦੀ, ਇਨਸਾਨ ਦੋਸਤੀ ਅਤੇ ਰਹੱਸ ਜਾਂ ਬਾਤਨ ਦੀਆਂ ਡੂੰਘਾਵਾਂ ਦੀ ਸੂਹ ਪਾਉਣ ਤੋਂ ਹੁੰਦਾ ਹੈ।

**ਪ੍ਰੋ. ਗੁਰਚਰਨ ਸਿੰਘ ਤਲਵਾੜਾ ਅਨੁਸਾਰ-**

"ਇਸਲਾਮੀ ਰਹੱਸਵਾਦ ਨੂੰ ਹੀ ਸੂਫ਼ੀਮਤ ਕਿਹਾ ਜਾਂਦਾ ਹੈ। ਇਹ ਇਸਲਾਮ ਵਿਚੋਂ ਉਪਜੀ ਉਹ ਧਾਰਾ ਹੈ ਜਿਸ ਨੂੰ ਤਸੱਵੁਫ਼ ਦਾ ਨਾਮ ਦਿੱਤਾ ਗਿਆ ਹੈ। ਇਸਲਾਮੀ ਰਹੱਸ ਦੇ ਸਿਖਰ ਪ੍ਰਾਪਤ ਕਰ ਲੈਣਾ ਹੀ ਸੂਫ਼ੀਮਤ ਦਾ ਲਕਸ਼ ਹੈ। ਸੂਫ਼ੀਮਤ ਦਾ ਆਰੰਭ ਇਸਲਾਮ ਦੇ ਜਨਮ ਨਾਲ ਹੀ ਹੋਇਆ। ਹਜ਼ਰਤ ਮੁਹੰਮਦ ਸਾਹਿਬ(571-632ਈ.) ਦੇ ਨਿਕਟਵਰਤੀ ਮੁਸਲਮਾਨ ਜੋ ਘਰ-ਬਾਰ ਤਿਆਗ ਕੇ ਮਸੀਤ ਵਿੱਚ ਹੀ ਸੌਂਦੇ ਸਨ, ਮੁੱਢਲੇ ਸੂਫ਼ੀ ਕਿਹਾ ਜਾ ਸਕਦੇ ਹਨ।"[4]

ਸੂਫ਼ੀਮਤ, ਇਸਲਾਮ ਦੀ ਪੂਰਕ ਵਿਚਾਰਧਾਰਾ ਹੈ। ਇਸਦੀਆਂ ਮੂਲ ਪ੍ਰਵਿਰਤੀਆਂ ਇਸਲਾਮੀ ਹੀ ਹਨ। ਮੁੱਢਲੇ ਸੂਫ਼ੀ ਆਪਣੀਆਂ ਮਾਨਤਾਵਾਂ ਅਤੇ ਕਿਰਿਆਵਾਂ ਵਿੱਚ ਵਧੇਰੇ ਪ੍ਰਪੱਕ ਸਨ।, ਉਹ ਕੁਰਾਨ ਅਤੇ ਹਦੀਸ ਦੀ ਸਿੱਖਿਆ ਦੇ ਕੁੱਝ ਪੱਖਾਂ ਉੱਤੇ ਬਹੁਤ ਬੱਲ ਦਿੰਦੇ ਸਨ। ਆਤਮ-ਤਿਆਗ, ਤਪ- ਸਾਧਨਾ, ਈਮਾਨਦਾਰੀ ਅਤੇ ਸਬਰ ਸੰਤੋਖ ਵਾਲਾ ਜੀਵਨ ਜਿਊਣ ਲਈ ਵਧੇਰੇ ਪ੍ਰਯਤਨਸ਼ੀਲ ਰਹਿੰਦੇ ਸਨ। ਸੂਫ਼ੀਆਂ ਨੇ ਆਪਣੀ ਇੱਛਾ ਅਨੁਸਾਰ ਸੰਸਾਰ ਦੇ ਸੁੱਖਾਂ ਦਾ ਤਿਆਗ ਕੀਤਾ ਅਤੇ ਆਪਣੇ ਸਿੱਧੇ ਸਾਧੇ ਪਹਿਰਾਵੇ ਤੇ ਸਦਾਚਾਰ ਰਾਹੀਂ ਆਪਣੀ ਵੱਖਰੀ ਪਛਾਣ ਕਾਇਮ ਕੀਤੀ। ਇਹਨਾਂ ਸੂਫ਼ੀਆਂ ਨੇ ਖ਼ੁੱਦ ਆਪਣੇ ਆਪ ਨੂੰ ਸੂਫ਼ੀ ਨਹੀਂ ਕਿਹਾ ਸਗੋਂ ਇਹਨਾਂ ਦੀ ਤਿਆਗੀ ਬਿਰਤੀ ਅਤੇ ਕਾਲੇ ਸੂਫ਼ ਦੀ ਪੁਸ਼ਾਕ ਕਾਰਨ ਲੋਕਾਂ ਨੇ ਇਹਨਾਂ ਨੂੰ ਸੂਫ਼ੀ ਆਖਣਾ ਸ਼ੁਰੂ ਕਰ ਦਿੱਤਾ। ਸੂਫ਼ੀਮਤ ਦੇ ਵਿਕਾਸ ਦਾ ਸਮਾਂ ਨੌਵੀ

[4] ਪ੍ਰੋ. ਗੁਰਚਰਨ ਸਿੰਘ ਤਲਵਾੜਾ, ਸੂਫੀਮਤ ਵਿਚਾਰਧਾਰਾ ਵਿਕਾਸ ਅਤੇ ਸਿਲਸਿਲੇ, ਪੰਨਾ-7

ਸਦੀ ਈਸਵੀ ਹੈ। ਇਸ ਸਮੇਂ ਹਜ਼ਰਤ ਜ਼ੂਨ-ਨੂਨ ਮਿਸਰੀ ਨੇ ਸੂਫ਼ੀਮਤ ਦੇ ਕੁੱਝ ਨਿਯਮ ਵੀ ਨਿਰਧਾਰਤ ਕੀਤੇ। ਉਸ ਦਾ ਇਹ ਕਥਨ ਬਹੁਤ ਮਹੱਤਵਪੂਰਨ ਹੈ ਕਿ ਅੱਲਾਹ ਦੇ ਨਾਲ ਮੁਹੱਬਤ ਕਰਨ ਵਾਲੇ ਵਿਅਕਤੀ ਦੀਆਂ ਨਿਸ਼ਾਨੀਆਂ ਵਿੱਚੋਂ ਸਭ ਤੋਂ ਪਹਿਲੀ ਚੀਜ਼ ਇਹ ਹੈ ਕਿ ਉਹ ਖ਼ੁਦਾ ਦੇ ਮਹਿਬੂਬ ਹਜ਼ਰਤ ਮੁੰਹਮਦ ਸਾਹਿਬ ਦੇ ਵਚਨ ਅਤੇ ਕਰਮ ਦੀ ਪੈਰਵੀ ਸੱਚੇ ਜ਼ਜ਼ਬੇ ਅਤੇ ਦਿਲ ਦੇ ਸਿਦਕ ਨਾਲ ਕਰੇ। ਉਸ ਨੇ ਤੋਬਾ ਦੀਆਂ ਦੋ ਕਿਸਮਾਂ ਦੱਸੀਆਂ ਹਨ: ਇਕ ਤੋਬਾ ਉਹਨਾਂ ਗੁਨਾਹਾ ਬਾਰੇ ਹੁੰਦੀ ਹੈ ਜੋ ਆਮ ਲੋਕਾਂ ਤੋਂ ਹੋ ਜਾਂਦੇ ਹਨ ਅਤੇ ਦੂਜੀ ਤੋਬਾ ਵਿਸ਼ੇਸ਼ ਵਿਅਕਤੀਆਂ ਵੱਲੋਂ ਕੀਤੇ ਗੁਨਾਹਾ ਦੀ ਹੁੰਦੀ ਹੈ ਇਸ ਤੋਬਾ ਨੂੰ ਉਹ ਗੁਨਾਹਾਂ ਦੀ ਨਹੀ ਸਗੋਂ ਗਫ਼ਲਤ ਦੀ ਤੋਬਾ ਕਹਿੰਦੇ ਹਨ ਇਸੇ ਤਰ੍ਹਾ ਉਸ ਨੇ ਮਾਰਫ਼ਤ ਦੀਆਂ ਤਿੰਨ ਕਿਸਮਾਂ ਦੱਸੀਆਂ ਹਨ । ਉਸ ਮੁਤਾਬਿਕ ਪਹਿਲੀ ਮਾਰਫ਼ਤ ਆਮ ਮੁਸਲਮਾਨਾਂ ਦੀ ਹੁੰਦੀ ਹੈ ਦੂਜੀ ਧਰਮ ਸ਼ਾਸ਼ਤਰੀਆਂ ਦੀ ਅਤੇ ਤੀਜੀ ਉਹਨਾਂ ਵਿਸ਼ੇਸ਼ ਸਾਧਕਾਂ ਦੀ ਹੁੰਦੀ ਹੈ, ਜਿਹਨਾਂ ਨੂੰ ਨਿਰੰਤਰ ਸਾਧਨਾਂ ਦੇ ਫ਼ਲਸਰੂਪ ਪ੍ਰਭੂ ਦੇ ਦਰਬਾਰ ਦੀ ਨੇੜਤਾ ਪ੍ਰਾਪਤ ਹੈ।ਹਜ਼ਰਤ ਜੁਨ-ਨੂਨ ਮਿਸਰੀ ਦਾ ਇਸ ਮੱਤ ਉੱਤੇ ਦ੍ਰਿੜ ਵਿਸ਼ਵਾਸ ਹੈ ਕਿ ਰੱਬ ਨਾਲ ਕੀਤਾ ਗਿਆ ਪ੍ਰੇਮ ਇਨਸਾਨ ਨੂੰ ਰੱਬ ਦੇ ਨਿਕਟ ਪੁਹੰਚਾ ਦਿੰਦਾ ਹੈ। ਉਸ ਦੇ ਇਸ ਵਿਚਾਰ ਨਾਲ ਰੱਬ ਦੀ ਜ਼ਾਤ ਨਾਲ ਮੇਲ ਜਾਂ ਰੱਬ ਦੀ ਜ਼ਾਤ ਵਿਚ ਲੀਨਤਾ ਸੰਬੰਧੀ ਸੂਫ਼ੀ ਸਾਧਨਾ ਵਿੱਚ ਇਕ ਬਿਲਕੁਲ ਨਵਾਂ ਮੋੜ ਆਇਆ ਹੈ ਉਸ ਨੇ ਮਾਰਫ਼ਤ ਨੂੰ ਇਕ ਸਿਧਾਂਤ ਦੇ ਰੂਪ ਵਿੱਚ ਪ੍ਰਗਟਾਇਆਂ ਉਸ ਨੇ ਹੀ ਪਹਿਲੀ ਵਾਟਰ ਸੂਫ਼ੀ ਸਾਧਕ ਦੀ ਪ੍ਰੇਮ ਤ੍ਰੇਹ ਨੂੰ ਸ਼ਰਾਬ ਅਤੇ ਪਿਆਲੇ ਦੇ ਪ੍ਰਤੀਕ ਵੱਜੋਂ ਪੇਸ਼ ਕੀਤਾ । ਪਰ ਤਤਕਾਲੀ ਕੱਟੜ ਇਸਲਾਮੀ ਪੈਰਕਾਰਾਂ ਨੇ ਹਜ਼ਰਤ ਜ਼ੂਨ-ਨੂਨ ਮਿਸਰੀ ਦੇ ਇਹਨਾਂ ਰਹੱਸਵਾਦੀ ਵਿਚਾਰਾ ਨੂੰ ਸਹਿਨ ਨਾ ਕੀਤਾ। ਫ਼ਲਸਰੂਪ ਉਸਨੂੰ ਕੈਦ ਕਰਕੇ ਬਗਦਾਦ ਭੇਜਿਆ ਗਿਆ। ਅੱਗੋ ਬਗਦਾਦ ਦੇ ਖ਼ਲੀਫੇ ਨੇ ਉਸ ਨੂੰ ਮਿਸਰ ਚੱਲੇ ਜਾਣ ਦਾ ਉਸ ਨੂੰ ਹੁਕਮ ਸੁਣਾ ਦਿੱਤਾ ਇਸ ਤਰ੍ਹਾ ਪਹਿਲੇ ਪੜ੍ਹਾ ਵਿੱਚ ਸ਼ਰੀਅਤ ਦੀ ਪ੍ਰਧਾਨਤਾ ਰਹੀ ਹੈ। ਸ਼ਰੀਅਤ ਦੇ ਵਿਰੁੱਧ ਆਵਾਜ਼ ਤਾਂ ਉਠਾਈ ਗਈ ਪਰ ਅਜੇ ਕੋਈ ਨਿਸ਼ਚਿਤ ਸੂਫ਼ੀ ਫ਼ਲਸਫਾ ਕਾਇਮ ਨਹੀ ਸੀ ਹੋ ਸਕਿਆ ਇਸ ਲਈ ਸੂਫ਼ੀ ਲੋਕ ਇਸਲਾਮੀ ਸ਼ਰੀਅਤ ਨੂੰ ਛੱਡ ਨਾ ਸਕੇ ਹਜ਼ਰਤ ਬਾਯਜ਼ੀਦ ਬਿਸਤਾਮੀ ਨੇ ਸਭ ਤੋਂ ਪਹਿਲਾ ਇਸ ਕਾਲ ਵਿੱਚ ਸ਼ਰੀਅਤ ਦੇ ਵਿਰੁੱਧ ਆਵਾਜ ਉਠਾਈ।

# BULLEH SHAH DIYAN KAFIYA WICH VIDROHI CHETNA

## ਸੂਫ਼ੀ- ਮੱਤ ਦੀਆ ਵਿਸ਼ੇਸ਼ਤਾਵਾਂ

1) ਸੂਫ਼ੀ- ਮੱਤ ਰਹੱਸਵਾਦੀ ਹੋਣ ਕਰ ਕੇ ਹਰ ਪ੍ਰਾਣੀ ਨੂੰ ਪਰਮਾਤਮਾ ਨਾਲ ਜੋੜਦਾ ਹੈ।

2) ਸੂਫ਼ੀ-ਮੱਤ ਵਿੱਚ ਆਏ ਹੋਏ ਹਰੇਕ ਸ਼ਬਦ ਕਿਸੇ ਨਾ ਕਿਸੇ ਸੰਦੇਸ਼ ਨੂੰ ਸਾਡੇ ਤੱਕ ਪਹੁੰਚਾਉਂਦੇ ਹਨ। ਜਿਸ ਨਾਲ ਸਾਡੇ ਸਰੀਰ ਨੂੰ ਮਾਨਸਿਕ ਸ਼ਾਂਤੀ ਅਧਿਆਤਮਿਕਤਾ ਦੇ ਰੂਪ ਵਿੱਚ ਪ੍ਰਾਪਤ ਹੁੰਦੀ ਹੈ।

3) ਸੂਫ਼ੀ- ਪ੍ਰਭੂ ਦੀ ਸਰਬ ਵਿਆਪਕਤਾ ਦਾ ਸੰਦੇਸ਼ ਦਿੰਦਾ ਹੈ।

4) ਸੂਫ਼ੀ-ਮੱਤ ਵਿੱਚ ਇਸ਼ਕ ਦੇ ਮਹੱਤਵ ਦਾ ਸੰਦੇਸ਼ ਦਿੱਤਾ ਗਿਆ ਹੈ।

5) ਸੂਫ਼ੀ ਮੱਤ ਵਿੱਚ ਸੱਚੇ ਇਸ਼ਕ ਦੀ ਮਰਯਾਦਾ ਨੂੰ ਬਖ਼ੂਬੀ ਬਿਆਨ ਕੀਤਾ ਗਿਆ ਹੈ।

6) ਸੂਫ਼ੀਵਾਦ ਵਿੱਚ "ਅਦਵੈਤਵਾਦ" ਦਾ ਸਿਧਾਂਤ ਦਰਸਾਇਆ ਗਿਆ ਹੈ। ਭਾਵ ਕਿ ਭਟਕਣਾ ਰਹਿਤ ਜੀਵਨ ਨੂੰ ਬਿਆਨਿਆਂ ਗਿਆ ਹੈ।

7) ਸੂਫ਼ੀਮਤ ਦੀ ਇੱਕ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਹੈ ਕਿ ਇਹ ਸੰਸਾਰ ਦੀ ਨਾਸ਼ਮਾਨਤਾ ਵਿੱਚ ਵਿਸ਼ਵਾਸ ਰੱਖਦਾ ਹੈ।

ਇਸ ਪਿੱਛੋਂ ਸੂਫ਼ੀ ਸਾਧਕ ਦੋ ਵਰਗਾਂ ਵਿੱਚ ਵੰਡੇ ਗਏ: ਇੱਕ ਵਰਗ ਵਿਚਾਰਵਾਨਾਂ ਅਤੇ ਦਾਰਸ਼ਨਿਕਤਾ ਦਾ ਤੇ ਦੂਜਾ ਰਹੱਸਵਾਦੀ ਤੇ ਅਨੁਭਵੀਆਂ ਦਾ। ਇਸ ਸਮੇਂ ਤਕ ਸੂਫ਼ੀਵਾਦ ਇੱਕ ਨਿਸ਼ਚਿਤ ਮਤ ਦਾ ਰੂਪ ਧਾਰਨ ਕਰ ਚੁੱਕਾ ਸੀ। ਇਹਨਾਂ ਦੀ ਵੱਖਰੀ ਪਛਾਣ ਬਣਦਿਆਂ ਹੀ ਕੱਟੜ ਪੰਥੀ ਮੁਸਲਮਾਨਾ ਦੇ ਇਹਨਾਂ ਵਿਰੁੱਧ ਸ਼ੰਕੇ ਹੋਰ ਵਧਣ ਲੱਗੇ। ਫਲਸਰੂਪ ਸੱਤਾ ਨੇ ਇਹਨਾਂ ਦੇ ਵਿਰੁੱਧ ਦਮਨ ਚੱਕਰ ਚਲ੍ਹਾ ਦਿੱਤਾ ਇਸ ਦਮਨ ਚੱਕਰ ਦਾ ਉਲਟਾ ਪ੍ਰਭਾਵ ਇਹ ਪਿਆ ਜਨ ਸਧਾਰਨ ਦੇ ਮਨ ਚ ਸੂਫ਼ੀ ਦਰਵੇਸ਼ਾਂ ਅਤੇ ਸੂਫ਼ੀਮਤ ਪ੍ਰਤੀ ਸ਼ਰਧਾ ਹੋਰ ਪ੍ਰਬਲ ਹੋ ਗਈ  ਇਸਲਾਮ ਦੇ

ਫੈਲਾਓ ਨਾਲ ਸੂਫ਼ੀਮਤ ਦਾ ਵੀ ਵਿਕਾਸ ਹੁੰਦਾ ਗਿਆ। ਮੁਸਲਮਾਨ ਹਾਕਮਾਂ ਦੀ ਭਾਰਤ ਵਿੱਚ ਆਮਦ ਨਾਲ ਪੰਜਾਬ ਵਿੱਚ ਸੂਫ਼ੀ ਲੋਕ ਪ੍ਰਵੇਸ਼ ਹੋਣ ਲੱਗੇ ਅਤੇ ਇਸ ਮਤ ਦਾ ਪ੍ਰਚਾਰ ਤੇ ਪ੍ਰਸਾਰ ਆਰੰਭ ਹੋਇਆ। 713-13 ਈ ਵਿੱਚ ਮੁਹੰਮਦ ਬਿਨ ਕਾਸਿਮ ਨੇ ਸਿੰਧ ਦੇ ਬ੍ਰਾਹਮਣ ਰਾਜੇ ਦਾਹਿਰ ਨੂੰ ਹਰਾਇਆ ਤਾਂ ਇਸ ਇਸਲਾਮ ਦਾ ਭਾਰਤ ਨਾਲ ਬਹੁਤ ਨੇੜੇ ਦਾ ਸੰਬੰਧ ਸਥਾਪਿਤ ਹੋ ਗਿਆ। ਪੰਜਾਬ ਵਿੱਚ ਸੂਫ਼ੀ ਵਿਚਾਰਧਾਰਾ ਦੀ ਸਥਾਪਨਾ ਕਰਨ ਵਾਲਾ ਪਹਿਲਾ ਸੂਫ਼ੀ ਚਿੰਤਕ ਸ਼ੇਖ਼ ਅਲੀ ਮਖ਼ਦੂਮ ਹੁਜਵੀਰੀ ਸੀ ਜੋ 1040 ਈ: ਵਿੱਚ ਇੱਥੇ ਆਇਆ। ਉਹ ਪੰਜਾਬ ਵਿੱਚ ਦਾਤਾ ਗੰਜ ਬਖ਼ਸ਼ ਦੇ ਨਾਮ ਨਾਲ ਪ੍ਰਸਿੱਧ ਹੋਇਆ। ਉਸ ਨੇ ਆਪ ਭਾਵੇਂ ਪੰਜਾਬੀ ਵਿੱਚ ਕੁੱਝ ਨਹੀਂ ਲਿਖਿਆ। ਪ੍ਰੰਤੂ ਉਸ ਨੇ ਬਾਬਾ ਸ਼ੇਖ਼ ਫ਼ਰੀਦ ਤੋਂ ਦੋ ਸਦੀਆਂ ਪਹਿਲਾ 11ਵੀਂ ਸਦੀ ਵਿੱਚ ਪੰਜਾਬੀ ਜਨ ਜੀਵਨ ਉੱਤੇ ਸੂਫ਼ੀ ਵਿਚਾਰਾਂ ਦਾ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ ਸੀ। ਇਸਲਾਮ ਧਰਮ ਦੀ ਸਾਦਗੀ, ਪਵਿੱਤਰਤਾ, ਅਤੇ ਭ੍ਰਾਤੀਅਤਾ ਨੇ ਤਤਕਾਲੀ ਪੰਜਾਬੀ ਲੋਕ ਚੇਤਨਾ ਨੂੰ ਨਿਸ਼ਚਿਤ ਰੂਪ ਵਿੱਚ ਪ੍ਰਭਾਵਿਤ ਕੀਤਾ। ਸ਼ੇਖ਼ ਫ਼ਰੀਦ ਜੀ ਦੀ ਸ਼ਖ਼ਸੀਅਤ ਅਤੇ ਪ੍ਰਭਾਵ ਦੀ ਵਿਲੱਖਣਤਾ ਇਹ ਹੈ ਕਿ ਉਸ ਨੇ ਸੂਫ਼ੀ ਮਤ ਦੇ ਰੂਹਾਨੀ ਅਤੇ ਨੈਤਿਕ ਆਦਰਸ਼ ਦੇ ਫੈਲਾਓ ਲਈ ਪੰਜਾਬੀ ਭਾਸ਼ਾ ਦੇ ਮਾਧਿਅਮ ਰਾਹੀਂ ਇੱਕ ਸ਼ਕਤੀਸ਼ਾਲੀ ਕਾਵਿ- ਪਰੰਪਰਾ ਸਥਾਪਿਤ ਕੀਤੀ। ਇਸ ਤਰ੍ਹਾਂ ਇਸਲਾਮੀ ਰਹੱਸਵਾਦੀ ਸਾਧਕਾਂ ਦਾ ਪ੍ਰਭਾਵ ਪੰਜਾਬ ਵਿੱਚ ਵਧਣ ਲੱਗ ਗਿਆ। ਹਜ਼ਰਤ ਮੁਈਨੁੱਦੀਨ, ਚਿਸ਼ਤੀ, ਸ਼ੇਖ਼ ਬਖ਼ਤਿਆਰ ਕਾਕੀ, ਬਾਬਾ ਸ਼ੇਖ਼ ਫ਼ਰੀਦ ਆਦਿ ਸੂਫ਼ੀਆਂ ਦੇ ਮਹਾਨ ਵਿਅਕਤਿਤਵ ਅਤੇ ਬਚਨਾਂ ਦੁਆਰਾ ਸੂਫ਼ੀਮਤ ਆਪਣਾ ਪ੍ਰਭੁਤੱਵ ਸਥਾਪਿਤ ਕਰਨ ਦੇ ਯੋਗ ਹੋ ਗਿਆ ਸੀ। ਚਿਸ਼ਤੀ ਸੰਪਰਦਾਇ ਨਾਲ ਸੰਬੰਧਿਤ ਇਹਨਾਂ ਮਹਾਪੁਰਖਾਂ ਨੇ ਸੂਫ਼ੀਮਤ ਦੇ ਪ੍ਰਸਾਰ ਵਿੱਚ ਨਿੱਘਰ ਯੋਗਦਾਨ ਪਾਇਆ। ਨਾਲ-ਨਾਲ ਕਾਦਰੀ ਅਤੇ ਸੁਹਰਾਵਰਦੀ ਸੰਪਰਦਾਵਾਂ ਦੇ ਅਨੁਯਾਈ ਵੀ ਧਰਮ ਪ੍ਰਚਾਰ ਦੇ ਖੇਤਰ ਵਿੱਚ ਪੂਰੀ ਲਗਨ ਨਾਲ ਕੰਮ ਕਰਨ ਲੱਗ ਪਏ। ਸੂਫ਼ੀ ਸਾਧਨਾਂ ਵਿੱਚ ਸਾਧਕਾ ਦੀ ਤਪੱਸਿਆ ਅਤੇ ਆਤਮਿਕ ਵਿਕਾਸ ਦੇ ਪੜਾਵਾਂ ਨੂੰ ਮੋਟੇ ਤੌਰ ਤੇ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ।ਸ਼ਰੀਅਤ, ਤਰੀਕਤ, ਮਾਰਫ਼ਤ, ਹਕੀਕਤ।

**ਪਹਿਲਾ ਪੜਾਅ ਸ਼ਰੀਅਤ ਹੈ**

ਸ਼ਰੀਅਤ ਸਾਲਿਕ ਨੂੰ ਅਨੁਸ਼ਾਸਨ ਬੱਧ ਕਰਦੀ ਹੈ। ਸ਼ਰੀਅਤ ਉਹ ਸਿੱਧਾ ਰਸਤਾ ਹੈ ਜਿਸ ਉੱਪਰ ਹਜ਼ਰਤ ਮੁਹੰਮਦ ਸਾਹਿਬ ਨੇ ਚੱਲਣ ਦਾ ਹੁਕਮ ਦਿੱਤਾ ਹੈ।ਪੰਜਾਬੀ ਸੂਫ਼ੀ ਪਰੰਪਰਾ ਵਿੱਚ ਸ਼ਰੀਅਤ ਦਾ ਪ੍ਰਬੰਧ ਮੁੱਖ ਤੌਰ ਤੇ ਬਾਬਾ ਸ਼ੇਖ਼ ਫ਼ਰੀਦ ਸਮਝੇ ਜਾਂਦੇ ਹਨ।

ਸੂਫ਼ੀ ਸਾਧਨਾ ਦਾ ਦੂਜਾ ਪੜਾਅ ਤਰੀਕਤ ਹੈ

ਤਰੀਕਤ ਤੋਂ ਭਾਵ ਰਾਹ, ਮਜ਼੍ਹਬ, ਇਲਮ ਤਸਵੁੱਫ਼, ਬਾਤਿਨ ਦੀ ਸਫ਼ਾਈ, ਅੰਤਹਿਕਰਨ ਦੀ ਸ਼ੁੱਧੀ ਦਾ ਢੰਗ ਤਰੀਕਾ ਹੈ। ਸੂਫ਼ੀ ਜਗਿਆਸੂ ਸ਼ਰੀਅਤ ਦੇ ਧਾਰਮਿਕ ਫ਼ਰਜ਼ਾਂ ਦੀ ਪਾਲਣਾ ਪਿੱਛੋਂ ਇਸ ਪੜਾਅ ਉੱਤੇ ਪਹੁੰਚਦਾ ਹੈ।

ਸੂਫ਼ੀਆਂ ਦੇ ਆਤਮਿਕ ਵਿਕਾਸ ਦਾ ਤੀਸਰਾ ਪੜਾਅ ਮਾਰਫ਼ਤ ਤੇ ਚੌਥਾ ਹਕੀਕਤ ਹੈ।

ਸੂਫ਼ੀ ਸ਼ਰੀਅਤ ਤੇ ਤਰੀਕਤ ਦੀਆਂ ਮੰਜ਼ਿਲਾਂ ਪਾਰ ਕਰਦਾ ਹੋਇਆ ਹਕੀਕਤ ਦੇ ਮੁਕਾਮ ਉੱਤੇ ਪਹੁੰਚਦਾ ਹੈ। ਹਕੀਕਤ, ਅਸਲੀਅਤ ਅਰਥਾਤ ਸਚਾਈ ਦਾ ਅਸਲੀ ਸੋਮਾ ਹੈ।ਸੂਫ਼ੀ ਇਸ ਅਵਸਥਾ ਵਿੱਚ ਪੁੱਜ ਕੇ ਰੱਬ ਨਾਲ ਇੱਕ-ਮਿਕ ਹੋ ਜਾਂਦਾ ਹੈ। ਸੂਫ਼ੀ ਹਕੀਕਤ ਦੀ ਪ੍ਰਾਪਤੀ ਹੋਣ ਨਾਲ ਆਪਣੀ ਹਸਤੀ ਨੂੰ ਰੱਬ ਦੀ ਜ਼ਾਤ ਵਿੱਚ ਮਿਟਾ ਦਿੰਦਾ ਹੈ ਉਹ ਸ਼ਰ੍ਹਾ ਤੋਂ ਉਤਾਂਹ ਉੱਠ ਕੇ ਆਤਮਿਕ ਤੌਰ ਤੇ ਪ੍ਰਭੂ ਦੇ ਰਹੱਸ ਨੂੰ ਮਾਣਦਾ ਹੈ। ਬੁੱਲ੍ਹੇ ਸ਼ਾਹ ਦੀ ਰਚਨਾ ਵਿੱਚ ਦੀਨ, ਧਰਮ, ਸ਼ਰ੍ਹਾ, ਸ਼ਰੀਅਤ ਦੇ ਨਾਂਅ ਉੱਤੇ ਖੜੀਆਂ ਕੀਤੀਆਂ ਕੰਧਾਂ ਢਹਿ-ਢੇਰੀ ਹੁੰਦੀਆਂ ਨਜ਼ਰ ਆਉਂਦੀਆਂ ਹਨ ਇੱਥੋਂ ਤਕ ਕਿ ਉਹ ਧਰਮ ਦੀਆਂ ਕੈਦਾਂ ਤੋਂ ਵੀ ਮੁਕਤ ਹੈ। ਗ਼ੁਲਾਮ ਫ਼ਰੀਦ ਇਸ ਪੜਾਅ ਦੇ ਅੰਤਲੇ ਕਵੀ ਹਨ ਉਸ ਨੇ ਆਪਣੀ ਪੂਰਵ-ਕਾਲੀ ਪੰਜਾਬੀ ਸੂਫ਼ੀ ਕਾਵਿ ਪਰੰਪਰਾ ਨੂੰ ਗ੍ਰਿਹਣ ਕਰਦਿਆਂ ਹੋਇਆ ਇਸ ਵਿੱਚ ਆਪਣੇ ਮੌਲਿਕ ਅਨੁਭਵ ਦੇ ਆਧਾਰ ਤੇ ਕੁੱਝ ਨਵੇਂ ਪਾਸਾਰ ਜੋੜੇ ਹਨ। ਪ੍ਰਕਿਰਤੀ ਅਤੇ ਵਿਅਕਤੀ ਨੂੰ ਇੱਕ ਦੂਜੇ ਨੂੰ ਪ੍ਰਭਾਵਿਤ ਕਰਨ ਦੀ ਅੰਤਰ ਕਿਰਿਆ ਉਸ ਦੇ ਕਾਵਿ ਦੀ ਇੱਕ ਨਵੇਕਲੀ ਅਤੇ ਵਿਲੱਖਣ ਸੁਰ ਹੈ।ਗ਼ੁਲਾਮ ਫ਼ਰੀਦ ਨੇ ਜਿਹੜਾ ਵਿਸ਼ੇਸ਼ ਤੱਤ ਕਬੂਲਿਆ ਹੈ ਉਹ ਹੈ ਇਸ਼ਕ। ਇਹ ਇਸ਼ਕ ਮਾਰਫ਼ਤ ਤੇ ਸੰਸਾਰੀ ਪ੍ਰੇਮ-ਭਾਵਾਂ ਦਾ ਸੁਮੇਲ ਹੈ। ਇਸ ਅਵਸਥਾ ਵਿੱਚ ਉਸ ਦਾ ਇਸ਼ਕ ਮਜਾਜ਼ੀ ਤੇ ਇਸ਼ਕ ਹਕੀਕੀ ਇੱਕ ਸੁਰ ਹੋਇਆ ਮਿਲਦਾ ਹੈ ।

ਪ੍ਰੋ. ਗੁਰਚਰਨ ਸਿੰਘ ਤਲਵਾੜਾ ਨੇ ਕਈ ਦਹਾਕਿਆਂ ਦੀ ਸਖ਼ਤ ਮਿਹਨਤ, ਲਗਨ ਤੇ ਸਿਰੜ ਨਾਲ ਸੂਫ਼ੀ ਮਤ, ਸੂਫ਼ੀ ਸਿਧਾਂਤਾਂ ਅਤੇ ਵਿਚਾਰਧਾਰਾ ਦਾ ਗਹਿਨ ਅਧਿਐਨ ਕੀਤਾ ਹੈ ਉਸ ਨੇ ਇਸ ਮਤ ਦੇ ਆਰੰਭ, ਵਿਕਾਸ ਅਤੇ ਸਿਲਸਿਲਿਆਂ ਸੰਬੰਧੀ ਸਮਗਰ ਜਾਣਕਾਰੀ ਇਕੱਤਰ ਕਰ ਕੇ ਡੂੰਘਾ ਮੁਤਾਲਿਆ ਕੀਤਾ। ਪ੍ਰੋ. ਤਲਵਾੜਾ ਦਾ ਅਧਿਐਨ ਖੇਤਰ ਸੂਫ਼ੀਮਤ ਨਾਲ ਸੰਬੰਧੀ ਅਰਬੀ, ਫ਼ਾਰਸੀ ਦੇ ਉਰਦੂ, ਅੰਗਰੇਜ਼ੀ ਤੇ ਹਿੰਦੀ ਸਾਹਿਤ ਵਿੱਚ ਉਪਲਬਧ ਬੁਨਿਆਦੀ ਸਰੋਤ ਗ੍ਰੰਥ ਹਨ। ਅੱਜ ਕੱਲ੍ਹ ਦੇ ਕੁੱਝ ਵਿਦਵਾਨਾਂ ਵਾਂਗ ਉਸ ਨੇ ਆਪਣੀ ਖੋਜ ਪੁਸਤਕ ਪ੍ਰਕਾਸ਼ਿਤ ਕਰਵਾਉਣ ਵਿੱਚ ਕਾਹਲ ਨਹੀਂ ਕੀਤੀ ਸਗੋਂ ਇਸ ਗੰਭੀਰ ਵਿਸ਼ੇ ਦਾ ਬਹੁਤ ਹੀ ਗੰਭੀਰਤਾ ਨਾਲ ਵਿਵੇਚਨ ਤੇ ਵਿਸ਼ਲੇਸ਼ਣ ਕੀਤਾ ਹੈ।[5]ਵੱਡੀ ਅਤੇ ਮਹੱਤਵ ਪੂਰਨ ਗੱਲ ਇਹ ਹੈ ਕਿ ਪ੍ਰੋ. ਗੁਰਚਰਨ ਸਿੰਘ ਤਲਵਾੜਾ ਖ਼ੁਦ ਇੱਕ ਦ੍ਰਿੜ੍ਹ ਵਿਸ਼ਵਾਸੀ ਸੂਫ਼ੀ ਸਾਧਕ ਹੈ । ਸੂਫ਼ੀ ਸਾਦਕਾਂ ਦੇ ਵਿਹਾਰਕ ਪੜਾਵਾਂ ਤੇ ਸਥਾਪਨਾਵਾਂ ਦਾ ਉਸ ਨੂੰ ਉਚੇਰੀ ਪੱਧਰ ਦਾ ਇਲਮ ਹੈ ਸੂਫ਼ੀਮਤ, ਸੂਫ਼ੀ ਸਾਧਨਾ ਅਤੇ ਪੰਜਾਬੀ ਸੂਫ਼ੀ ਕਾਵਿ ਦੇ ਵਿਭਿੰਨ ਪੱਖਾਂ ਨੂੰ ਉਜਾਗਰ ਕਰਦੀ ਹੋਈ ਇਹ ਰਚਨਾ ਬਹੁਤ ਸਾਲਾਂ ਪਿੱਛੋਂ ਪੰਜਾਬੀ ਭਾਸ਼ਾ ਵਿੱਚ ਪ੍ਰਕਾਸ਼ਿਤ ਹੋਈ ਹੈ। ਬਾਬਾ ਫ਼ਰੀਦ ਸ਼ਕਰਗੰਜ (1173-1266) ਅਗਸਤ 12ਵੀਂ ਸਦੀ ਦੇ ਪਿਛਲੇ ਪੱਖ ਤੋਂ ਸ਼ੁਰੂ ਹੋ ਕੇ ਇਸਲਾਮੀ ਸੂਫ਼ੀਵਾਦ ਨੂੰ ਘੱਟੋ-ਘੱਟ 19ਵੀਂ ਸਦੀ ਦੇ ਅੰਤ ਤੱਕ ਅਤੇ ਉਸ ਤੋਂ ਅੱਗੇ ਤਕਰੀਬਨ ਹੁਣ ਤੱਕ ਵੀ ਪੰਜਾਬੀ ਕਾਵਿ ਦੇ ਰੂਪ ਤੇ ਵਿਸ਼ਾ ਵਸਤੂ ਅਤੇ ਸੁਭਾਅ ਉੱਤੇ ਲਗਾਤਾਰ ਸਦੀਆਂ ਬੱਧਾ ਪ੍ਰਭਾਵ ਪਿਆ ਹੈ। ਇਸ ਦੀ ਤੋਰ ਨੂੰ ਕਾਇਮ ਕਰਨ ਵਿੱਚ ਇਸ ਦੇ ਵਿਕਾਸ ਵਿੱਚ ਰਸ ਦਰਸਾਓ ਦਾ ਕੰਮ ਵੀ ਕੀਤਾ ਹੈ। ਇਉਂ ਜਾਪਦਾ ਹੈ ਕਿ ਸੂਫ਼ੀਵਾਦ ਨੇ ਪੰਜਾਬੀ ਕਾਵਿ ਦੀ ਉਸਾਰੀ ਵਿੱਚ ਭਰਪੂਰ ਤੇ ਨਿਰਵਿਘਨ ਭੂਮਿਕਾ ਨਿਭਾਈ ਹੈ ਅਤੇ ਸਮੇਂ- ਸਮੇਂ ਸਿਰ ਇਸ ਦੀ ਕਾਇਆ ਦਾ ਇੱਕ ਅਸਲੋਂ ਤਕੜਾ ਪਾਸਾ ਸਿਰਜਿਆ ਅਤੇ ਸਾਂਭੀ ਰੱਖਿਆ ਹੈ। ਪੰਜਾਬ ਵਿੱਚ ਬਾਕੀ ਦੇ ਹਿੰਦੁਸਤਾਨ ਨਾਲੋਂ ਮੁਸਲਮਾਨਾ ਦੀ ਆਮਦ ਤਕਰੀਬਨ ਦੋ ਸਦੀਆਂ ਪਹਿਲਾ ਹੋਈ। ਸੁਬਕਤਗੀਨ ਤੋਂ ਪਿੱਛੋਂ ਉਸਦੇ ਬੇਟੇ ਮਹਿਮੂਦ ਗਜ਼ਨਬੀ ਦੇ ਹਮਲੇ ਸ਼ੁਰੂ ਹੋਏ ਜਿਨ੍ਹਾਂ ਦਾ ਸਿੱਟਾ-ਰੂਪ ਪੰਜਾਬ ਉੱਤੇ ਉਸ ਦਾ ਪੱਕਾ ਕਬਜ਼ਾ ਹੋ ਗਿਆ। ਇਹ ਘਟਨਾ 11ਵੀਂ ਸਦੀ ਦੇ ਸ਼ੁਰੂ ਵਿੱਚ ਵਾਪਰੀ ਉਸ ਪਿੱਛੋਂ ਭਾਵੇਂ ਹਾਕਮ, ਖ਼ਾਨਦਾਨ ਬਦਲਦੇ ਰਹੇ ਪਰ ਪੰਜਾਬ ਉੱਤੇ ਰਾਜ ਈਰਾਨ-ਅਫ਼ਗਾਨ ਹਾਕਮਾਂ ਦਾ ਲਗਾਤਾਰ ਚਲਦਾ ਰਿਹਾ।

[5] ਉਹੀ , ਪੰਨਾ-16

## ਅਧਿਆਇ ਤੀਸਰਾ

# ਸੂਫ਼ੀ ਸੰਪਰਦਾਵਾਂ

ਸੂਫ਼ੀ ਰਹੱਸਵਾਦ ਦੇ ਵਿਕਾਸ-ਕ੍ਰਮ ਵਿੱਚ ਸੂਫ਼ੀ ਸੰਪਰਦਾਵਾਂ ਦਾ ਉੱਲੇਖ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸਲਾਮੀ ਜਗਤ ਵਿੱਚ ਇਹਨਾਂ ਸੂਫ਼ੀ ਸੰਪਰਦਾਵਾਂ ਦੀ ਅਣਹੋਂਦ ਕਾਰਨ ਸ਼ਾਇਦ ਇਸਲਾਮ ਦਾ ਰਹੱਸਵਾਦੀ ਪੱਖ ਇਹਨਾਂ ਸਸ਼ੱਕਤ ਰੂਪ ਵਿੱਚ ਦ੍ਰਿਸ਼ਟੀਗੋਚਰ ਨਾ ਹੁੰਦਾ।

ਇਹ ਸੂਫ਼ੀ ਸੰਪਰਦਾਵਾਂ 12ਵੀਂ ਸਦੀ ਵਿੱਚ ਹੋਂਦ ਵਿੱਚ ਆਉਣੀਆਂ ਆਰੰਭ ਹੋਈਆਂ। ਕਈ ਵਿਦਵਾਨ ਇਹਨਾਂ ਦਾ ਸੰਬੰਧ ਹਜ਼ਰਤ ਮੁਹੰਮਦ ਨਾਲ ਜੋੜਦੇ ਹਨ। ਇਹਨਾਂ ਸੰਪਰਦਾਵਾਂ ਦੇ ਨਾਮ ਨਾਲ ਹਜ਼ਰਤ ਅਲੀ ਦਾ ਨਾਮ ਵਿਸ਼ੇਸ਼ ਰੂਪ ਵਿੱਚ ਸੰਬੰਧਿਤ ਹੈ ਜੋ ਖਲੀਫਿਆ ਦੇ ਕ੍ਰਮਿਕ ਪ੍ਰਵਾਹ ਅਨੁਸਾਰ ਚੌਥਾ ਸਥਾਨ ਰੱਖਦਾ ਹੈ।ਸੂਫ਼ੀ ਉਸ ਨੂੰ ਦੂਜਾ ਸਥਾਨ ਦਿੰਦੇ ਹਨ। ਸਾਰਚੀਆ ਸੂਫ਼ੀ ਸੰਪਰਦਾਵਾਂ ਵਿਚੋਂ ਕੇਵਲ ਤਿੰਨ ਬਿਸਤਾਮੀ, ਬਖੁਤਸ਼ੀ ਅਤੇ ਨਕਸ਼ ਬੰਦੀ ਹਜ਼ਰਤ ਅਬੁ-ਬਕਰ ਨਾਲ ਆਪਣਾ ਸੰਬੰਧ ਸਥਾਪਿਤ ਕਰਦੀਆਂ ਹਨ। ਸੂਫ਼ੀ ਸੰਪਰਦਾਵਾਂ ਹੋਂਦ ਵਿੱਚ ਆਉਣ ਦੇ ਕੁੱਝ ਕਾਰਨ ਇਸ ਪ੍ਰਕਾਰ ਦਿੱਤੇ ਜਾ ਸਕਦੇ ਹਨ।

1 ਇਸਲਾਮੀ ਸਮਾਜ ਵਿੱਚ ਸਦਾਚਾਰ ਪੱਖ ਤੋਂ ਆ ਰਹੀ ਗਿਰਾਵਟ ਨੇ ਤਤਕਾਲੀਨ ਸੰਤਾਂ ਫ਼ਕੀਰਾਂ ਨੂੰ ਸਮਾਜਿਕ ਭਲਾਈ ਵਾਸਤੇ ਸਾਰੀਆਂ ਸ਼ਕਤੀਆਂ ਕੇਂਦਰਿਤ ਕਰਨ ਦੀ ਪ੍ਰੇਰਨਾ ਕੀਤੀ।

2 ਇਸਲਾਮੀ ਅਧਿਆਤਮਕ ਜੀਵਨ ਵਿੱਚ ਕੁੱਝ ਦਿਲ ਕੰਬਾਊ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਇਸਲਾਮੀ ਲੋਕ ਜੀਵਨ ਨੂੰ ਬਹੁਤ ਹੱਦ ਤੱਕ ਪ੍ਰਭਾਵਿਤ ਕੀਤਾ। ਲੋਕ ਦਿਲਾਂ ਵਿੱਚ ਕੱਟੜਪੰਥੀ ਸ਼੍ਰੇਣੀ ਦਾ ਡਰ ਬੈਠ ਗਿਆ। ਉਹ ਇਕਾਂਤ ਵਿੱਚ ਜਾ ਕੇ ਮਨ ਦੀ ਸ਼ਾਂਤੀ ਦੀ ਭਾਲ ਕਰਨ ਲੱਗ ਪਏ।

3 ਸਭ ਤੋਂ ਪ੍ਰਮੁੱਖ ਕਾਰਨ ਕੁਰਾਨ ਵਿੱਚ ਚਿਤ੍ਰਿਕ ਗੁਨਾਹ ਦਾ ਭੈਅ ਦੋਜ਼ਖ਼ ਦੀ ਅੱਗ ਦੀ ਭਿਆਨਕਤਾ ਦਾ ਸਹਿਮ, ਮੌਤ ਦਾ ਡਰ ਆਦਿ। ਜਿਸ ਨੇ ਮੁੱਢਲੇ ਸੂਫ਼ੀਆਂ ਵਿਚੋਂ ਤਿਆਗ ਵਾਦੀ ਰੁਚੀਆਂ ਉਤਪੰਨ ਕੀਤੀਆਂ ਅਤੇ ਉਹ ਇਕਾਂਤ ਪਸੰਦ ਹੋ ਗਏ ਉਨ੍ਹਾਂ ਨੂੰ ਸੰਸਾਰਿਕ ਮੁਕਤੀ ਦਾ ਰਾਹ ਕੇਵਲ ਇਕਾਂਤ ਵਿੱਚ ਜਾ ਕੇ ਰੋਜ਼ਾ ਰੱਖਣ ਅਤੇ ਭਗਤੀ ਵਿੱਚ ਲੱਗ ਜਾਣ ਵਿੱਚ ਹੀ ਨਜ਼ਰ ਆਇਆ।

ਏ.ਜੇ. ਆਰਬਰੀ ਦਾ ਮਤ ਹੈ ਕਿ ਧਾਰਮਿਕ ਸੰਪਰਦਾਵਾਂ ਨੇ ਲੋਕ ਦਿਲਾਂ ਨੂੰ ਪ੍ਰਭਾਵਿਤ ਕਰ ਕੇ ਆਪਣੇ ਪ੍ਰਭਾਵ ਅਤੇ ਆਪਣੀ ਸੰਸਥਾ ਨੂੰ ਦੇਸ਼ ਵਿੱਚ ਫੈਲਾਅ ਦਿੱਤਾ। ਹਰ ਪਿੰਡ ਦਾ ਆਪਣਾ ਸਥਾਨਕ ਸੰਤ ਹੁੰਦਾ ਦਾ ਸੀ ਜਿਸ ਨੂੰ ਉਸ ਦੇ ਜੀਵਨ ਵਿੱਚ ਪੂਜਿਆ ਅਤੇ ਸਤਿਕਾਰਿਆ ਜਾਂਦਾ ਸੀ।[6]

ਸੂਫ਼ੀਵਾਦ ਦੇ ਮੁੱਢ ਤੋਂ ਹੀ ਅਧਿਆਤਮਕ ਪੱਥ ਪ੍ਰਦਰਸ਼ਨ ਦੀ ਆਵੱਸ਼ਕਤਾ ਅਨੁਭਵ ਕੀਤੀ ਜਾਣ ਲੱਗ ਪਈ ਸੀ ਅਤੇ ਹਰ ਸੰਪਰਦਾਇ ਕਿਸੇ ਨਾ ਕਿਸੇ ਮਹੱਤਵਪੂਰਨ ਵਿਅਕਤੀਤਵ ਦੇ ਸੁਆਮੀ ਨਾਲ ਸੰਬੋਧਨ ਹੋ ਗਈ ਇਹ ਪੱਥ ਪ੍ਰਦਰਸ਼ਕ ਜਿਨ੍ਹਾਂ ਨੂੰ ਮੁਰਸ਼ਦ ਖ਼ਲੀਫ਼ਾ, ਸ਼ੇਖ਼ ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਸੀ ਤੇ ਲੋਕ ਦਿਲਾਂ ਵਿੱਚ ਆਪਣੀ ਵਿਅਕਤਿਤਵ ਸਰੇਸ਼ਠਾ ਨਾਲ ਅਜਿਹਾ ਪ੍ਰਭਾਵ ਪਾਇਆ ਕਿ ਬੜੀ ਛੇਤੀ ਹੀ ਇਹ ਸੰਪਰਦਾਇ ਇਸਲਾਮੀ ਦਿਸ਼ਾ ਵਿੱਚ ਪ੍ਰਚੱਲਿਤ ਹੋ ਗਈ ਇਹਨਾਂ ਸੰਪਰਦਾਵਾਂ ਦੇ ਹੋਂਦ ਵਿੱਚ ਆਉਣ ਦਾ ਮਹੱਤਵਪੂਰਨ ਪਰਿਣਾਮ ਇਹ ਹੋਇਆ ਕਿ ਇਹਨਾਂ ਦੀ ਹਰਮਨ ਪਿਆਰਤਾ ਕਾਰਨ ਕੱਟੜਪੰਥੀ ਉਲਮਾਵਾਂ ਦਾ ਸਤਿਕਾਰ ਘੱਟਣ ਲੱਗ ਪਿਆ।

ਇਬਨ ਤੇਮੀਆ ਵਰਗੇ ਵਿਅਕਤੀਆਂ ਨੇ ਅਜਿਹਾ ਸੰਪਰਦਾਵਾਂ ਦੀ ਡਟ ਕੇ ਵਿਰੋਧਤਾ ਕੀਤੀ ਪ੍ਰੰਤੂ ਉਹ ਪ੍ਰਭਾਵਸ਼ਾਲੀ ਨਾ ਸਕਿਆ। ਐਨਸਾਈਕਲੋਪੀਡੀਆ ਆਫ਼ ਇਸਲਾਮ ਦੇ ਕਰਤਾ ਨੇ ਅਜਿਹੀਆਂ ਮੁੱਖ ਸੂਫ਼ੀ ਸੰਪਰਦਾਵਾਂ ਅਤੇ ਅਨੇਕਾਂ ਗੌਣ ਸੰਪਰਦਾਵਾਂ ਦਾ ਵਰਣਨ ਕੀਤਾ ਹੈ ਜਿਨ੍ਹਾਂ ਨੇ ਇਸਲਾਮੀ ਵਿਚਾਰਧਾਰਾ ਨੂੰ ਆਪਣੇ ਆਪਣੇ ਦ੍ਰਿਸ਼ਟੀਕੋਣ ਨਾਲ ਵਿਅਕਤ ਕੀਤਾ ਹੈ। ਭਾਰਤ ਵਿੱਚ ਸਥਾਪਿਤ ਹੋਣ ਵਾਲੀਆਂ ਅਜਿਹੀਆਂ ਸੰਪਰਦਾਵਾਂ ਵਿਚੋਂ ਚਿਸ਼ਤੀ, ਸੁਹਰਾਵਰਦੀ, ਕਾਦਰੀ ਨਕਸ਼ ਬੰਦੀ ਵਿਸ਼ੇਸ਼ ਉਲੇਖਣੀ ਹਨ।

---

[6] ਦੀਵਾਨ ਸਿੰਘ- ਬਿਕਰਮ ਸਿੰਘ ਘੁੰਮਣ, ਬੁੱਲ੍ਹੇ ਸ਼ਾਹ ਦਾ ਕਾਵਿ ਲੋਕ, ਪੰਨਾ-31

## ਚਿਸ਼ਤੀ ਸੰਪਰਦਾਇ

ਇਸ ਸੰਪਰਦਾਇ ਦੇ ਮੋਢੀ ਬਾਰੇ ਵਿਦਵਾਨਾਂ ਵਿੱਚ ਮਤਭੇਦ ਹੈ। ਡਾ. ਵਿਮਲ ਕੁਮਾਰ ਜੈਨ ਇਸ ਸੰਪਰਦਾਇ ਦਾ ਮੋਢੀ ਅਬੂ-ਅਬਦੁੱਲ ਚਿਸ਼ਤੀ ਨੂੰ ਮੰਨਦਾ ਹੈ। ਰਾਮ ਪੂਜਨ ਤਿਵਾੜੀ ਗਲੋਸਰੀ ਆਫ਼ ਪੰਜਾਬ ਟ੍ਰਾਈਬਜ ਕਾਸਟਾਮ ਦਾ ਹਵਾਲਾ ਦੇਂਦਿਆ ਲਿਖਦਾ ਹੈ ਕਿ ਚਿਸ਼ਤੀ ਸੰਪਰਦਾਇ ਦੇ ਪਰਵਰਤਕ ਖ਼ਵਾਜਾ ਇਸ ਹਾਕ ਸਾਮੀ ਚਿਸ਼ਤੀ ਮੰਨੇ ਜਾਂਦੇ ਹਨ ਪ੍ਰੰਤੂ ਬਹੁਤ ਲੋਕ ਅਜਿਹੇ ਹਨ     ਜਿਹੜੇ ਖ਼ਵਾਜਾ ਅਬੂ ਅਬਦੁੱਲ ਨੂੰ ਇਸ ਦਾ ਪਰਿਵਰਤਕ ਮੰਨਦੇ ਹਨ ਅਤੇ ਕਿੰਨੇ ਖ਼ਵਾਜਾ ਗੁਈਆਉੱਦੀਨ ਨੂੰ ਮੰਨਦੇ ਹਨ ਬਿਸ਼ਪ ਸੁਬਾਨ ਇਸ ਹਾਕ ਸਾਮੀ ਚਿਸ਼ਤੀ ਨੂੰ ਜਿਹੜਾ ਮਿਮਸ਼ਾਦ ਦਾ ਹਵਾਲਾ ਦੇਂਦਿਆ ਸੁਬ੍ਹਾਨ ਦੇ ਮਤ ਦਾ ਹੀ ਸਮਰਥਨ ਕਰਦੀ ਹੈ ਅਤੇ ਇਸ ਦਾ ਪਰਿਵਰਤਕ ਅਬੂ ਇਸ ਹਾਕ ਸਾਮੀ ਨੂੰ ਹੀ ਸਵੀਕਾਰ ਕਰਦੀ ਹੈ।ਉਲੀਕ ਅਹਿਮਦ ਨਿਮਾਜ਼ੀ ਦਾ ਮਤ ਹੈ ਕਿ ਇਸ ਸੰਪਰਦਾਇ ਦੀ ਸਥਾਪਨਾ ਅਫਗਾਨਿਸਥਾਨ ਵਿੱਚ ਫ਼ਿਰੁਜਕੋਹ ਨਿਕਟ ਹਰੀਰੁਦ ਵੈਲੀ ਵਿੱਚ ਖ਼ਵਾਜਾ ਅਬੂ- ਇਸ ਪਾਕ ਦੁਆਰਾ ਹੋਈ।

ਇਹਨਾਂ ਵਿਚਾਰਾਂ ਤੋ ਇਹ ਪਰਿਣਾਮ ਨਿਕਲਦਾ ਹੈ ਕਿ ਇਸ ਸੰਪਰਦਾਇ ਦੇ ਮੋਢੀ ਮਿਮਸ਼ਾਦ ਅਲੀ ਦਿਲਵਰੀ ਦੇ ਮੁਰੀਦ ਅਤੇ ਅਬੂ-ਅਬਦੁਲ ਚਿਸ਼ਤੀ ਦੇ ਮੁਰਸ਼ਦ ਖ਼ਵਾਜਾ ਇਸ ਹਾਕ ਸ਼ਾਮੀ ਸਨ ਜਿਹੜੇ ਏਸ਼ੀਆ ਮਾਈਨਰ ਤੋਂ ਆ ਕੇ ਚਿਸ਼ਤੀ ਵਿੱਚ ਵੱਸ ਗਏ ਸਨ ਇਸ ਕਰ ਕੇ ਇਸ ਸੰਪਰਦਾਇ ਦਾ ਨਾਮ ਚਿਸ਼ਤੀ ਪੈ ਗਿਆ।

ਭਾਰਤ ਵਿੱਚ ਇਸ ਸੰਪਰਦਾਇ ਦਾ ਸੰਸਥਾਪਕ ਖ਼ਵਾਜਾ ਮੁਈਆਉੱਦੀਨ ਚਿਸ਼ਤੀ ਸੀ 1192 ਈ: ਵਿੱਚ ਸ਼ਹਾਬ ਉੱਦੀਨ ਘੋਰੀੈ ਦੀ ਸੈਨਾ ਨਾਲ ਭਾਰਤ ਵਿੱਚ ਆਇਆ ਅਤੇ ਅਜਮੇਰ ਵਿੱਚ ਆਪਣਾ ਨਿਵਾਸ ਸਥਾਨ ਪ੍ਰਾਪਤ ਕੀਤਾ। ਉਸ ਦਾ ਉੱਤਰਾਧਿਕਾਰੀ ਇਸਫਾਨ ਦਾ ਖ਼ਵਾਜਾ ਬਖ਼ਤਿਆਰ ਕਾਕੀ ਸੀ ਉਹ ਆਪਣੇ ਮੁਰਸ਼ਦ ਦੀ ਮੌਤ ਪਿੱਛੋਂ ਗੱਦੀ ਤੇ ਬੈਠਾ ਉਸ ਨੇ ਇਸ ਸੰਪਰਦਾਇ ਦੇ ਵਿਕਸਿਤ ਹੋਣ ਵਿੱਚ ਕਾਫ਼ੀ ਹਿੱਸਾ ਪਾਇਆ।ਉਸ ਪਿੱਛੋਂ ਇਸ ਸੰਪਰਦਾਇ ਦੀ

ਵਾਗਡੋਰ ਫ਼ਰੀਦਉੱਦੀਨ ਮਸਉਦ ਸ਼ਕਰਗੰਜ ਦੇ ਹੱਥ ਆਉਂਦੀ ਹੈ। ਫ਼ਰੀਦ ਪਿੱਛੋਂ ਨਿਜ਼ਾਮ ਉੱਦੀਨ ਔਲੀਆ ਇਸ ਸੰਪਰਦਾਇ ਦੀ ਸੇਵਾ ਸੰਭਾਲ ਲੈਂਦਾ ਹੈ ਇਸ ਸੰਪਰਦਾਇ ਵਿੱਚ ਪ੍ਰਵੇਸ਼ ਕਰਨ ਵਾਲੇ ਨੂੰ ਕੁੱਝ ਕੁ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਸੀ ਜਿਵੇਂ ਅੱਲਾਹ ਦੇ ਨਾਮ ਤੇ ਭੋਜਨ ਕਰਨਾ ਸਾਰਾ ਜੀਵਨ ਪਰਮਾਤਮਾ ਦਾ ਸਿਮਰਨ ਕਰਨਾ, ਨੀਂਦ ਨੂੰ ਮੌਤ ਦੇ ਨਿਕਟ ਸਮਝਣਾ, ਉਸ ਨੂੰ ਫ਼ਾਕਾ (ਉਪਵਾਸ), ਕਨਾਇਤ (ਸੰਤੁਸ਼ਟੀ), ਯਾਦ-ਇ-ਇਨਾਹੀ ( ਪ੍ਰਭੂ ਸਿਮਰਨ) ਅਤੇ ਰਿਆਸਤ (ਨਫ਼ਸਕੁਸੀ) ਵਿੱਚ ਵਿਸ਼ਵਾਸ ਧਾਰਨਾ ਪੈਂਦਾ ਸੀ।ਇਹ ਇਸ ਸੰਪਰਦਾਇ ਦੇ ਨਿਯਮ ਅਤੇ ਸਿਧਾਂਤ ਸਨ । ਇੱਕ ਸਾਧਕ ਨੂੰ ਚਾਲੀ ਦਿਨ ਫ਼ਾਕਾ ਕੱਟਦਿਆਂ ਸਿਮਰਨ ਕਰਨਾ ਪੈਦਾ ਸੀ ਜਿਸ ਨੂੰ ਚਿੱਲ ਕਿਹਾ ਜਾਂਦਾ ਹੈ। ਇਸ ਸੰਪਰਦਾਇ ਵਿੱਚ ਸੰਗੀਤ ਦਾ ਵਿਸ਼ੇਸ਼ ਸਥਾਨ ਹੈ। ਇਸ ਸੰਪਰਦਾਇ ਦੇ ਅਨੁਸਾਰ ਭਗਤੀ ਉੱਚਤਮ ਅਤੇ ਸ੍ਰੇਸ਼ਠ ਜੀਵਨ ਪੱਖ ਹੈ। ਇਸ ਸੰਪਰਦਾਇ ਨੇ ਆਪਣੇ ਅਨੁਯਾਈਆਂ ਨੂੰ ਤਿਆਗ ਪਰਸੁਆਰਥ, ਪ੍ਰੇਮ ਅਤੇ ਨਿਮਰਤਾ ਦੇ ਗੁਣ ਭਰਨ ਦਾ ਉਪਰਾਲਾ ਕੀਤਾ। ਮਨ ਨੂੰ ਤਪ, ਸਾਧਨਾ ਜਾਂ ਭੁੱਖ ਨਾਲ ਮਾਰਨਾ ਅਤੇ ਸੰਗੀਤ ਰਾਹੀਂ ਮਸਤੀ ਦੁਆਰਾ ਭਾਵੁਕ ਤ੍ਰਿਪਤੀ ਗ੍ਰਹਿਣ ਕਰਨੀ ਇਹਨਾਂ ਇਸਲਾਮੀ ਸਾਧਕਾਂ ਦਾ ਕਰਤੱਵ ਸੀ।

## ਸੁਹਰਾਵਰਦੀ ਸੰਪਰਦਾਇ

ਸੁਹਰਾਵਰਦੀ ਸੰਪਰਦਾਇ ਦੂਜੀ ਮਹਾਨ ਵਾਦੀ ਸੰਪਰਦਾਇ ਕਹੀ ਜਾ ਸਕਦੀ ਹੈ। ਇਸ ਦੇ ਸੰਸਥਾਪਕ ਬਾਰੇ ਵੀ ਭਿੰਨ-ਭਿੰਨ ਮਤਭੇਦ ਹਨ। ਖੁਲੀਕ ਅਹਿਮਦ ਨਿਮਾਜ਼ੀ ਦਾ ਮਤ ਹੈ ਕਿ 12ਵੀ ਸਦੀ ਦੇ ਵਿਸ਼ਿਸ਼ਟ ਸੂਫ਼ੀ, ਕਾਨੂੰਨਦਾਨ ਅਤੇ ਸੁਧਾਰਕ ਸ਼ੇਖ਼ ਅਬੂ ਨਜੀਬ ਅਬਦੁਲ ਕਹਿਰ ਸੁਹਰਾਵਰਦੀ ਸੰਪਰਦਾਇ ਦਾ ਮੋਢੀ ਸੀ। ਮੀਰ ਵਲੀਉੱਦੀਨ ਦਾ ਵਿਚਾਰ ਹੈ ਕਿ ਇਸ ਦਾ ਮੋਢੀ ਦਿਆਉੱਦੀਨ ਅਬੂ ਨਜ਼ਮ ਸੁਹਰਾਵਰਦੀ ਹੈ ਅਤੇ ਇਸ ਨੂੰ ਸ਼ਕਤੀਸ਼ਾਲੀ ਬਣਾਉਣ ਵਾਲਾ ਪ੍ਰਸਿੱਧ ਸੂਫ਼ੀ ਰਚਨਾ ਅਵਾਰਿਫ ਦਾ ਕਰਤਾ ਸ਼ੇਖ਼ ਸ਼ਹਾਬਉੱਦੀਨ ਸੁਹਰਾਵਰਦੀ ਹੈ।

ਭਾਰਤ ਵਿੱਚ ਇਸ ਸੰਪਰਦਾਇ ਦਾ ਸੰਚਾਲਨ ਕਰਨ ਵਾਲਾ ਮੁਲਤਾਨ ਦਾ ਰਹਿਣ ਵਾਲਾ ਬਹਾਉੱਦੀਨ ਜ਼ਕਰੀਆ ਸੀ।

ਇਸ ਸੰਪਰਦਾਇ ਵਿੱਚ ਪ੍ਰਵੇਸ਼ ਕਰਨ ਵਾਲੇ ਸਾਧਕ ਵਾਸਤੇ ਸਭ ਤੋਂ ਪ੍ਰਥਮ ਆਪਣੇ ਪਾਪਾਂ ਦਾ ਪ੍ਰਾਸ਼ਚਿਤ ਕਰਨਾ ਪੈਂਦਾ ਸੀ। ਇਸ ਪਿੱਛੋਂ ਪੰਜ ਵਾਰ ਕਲਮਾ ਪੜ੍ਹਨਾ ਪੈਂਦਾ ਸੀ। ਅਤੇ ਧਰਮ ਉੱਤੇ ਪੂਰਾ ਇਮਾਨ ਲਿਆਉਣ ਲਈ ਕਿਹਾ ਜਾਂਦਾ ਹੈ। ਨਮਾਜ਼ ਅਤੇ ਰੋਜ਼ਾ ਰੱਖਣ ਉੱਤੇ ਪੂਰਾ ਜ਼ੋਰ ਦਿੱਤਾ ਜਾਂਦਾ ਸੀ।

## ਕਾਦਰੀ ਸੰਪਰਦਾਇ

ਕਾਦਰੀ ਸੰਪਰਦਾਇ ਦਾ ਸੰਸਥਾਪਕ ਸੁੰਨੀ ਸੰਤ ਸ਼ੇਖ਼ ਮੁਹੀਉੱਦੀਨ ਅਬਦੁਲ ਕਾਦਰ ਜੀਲਾਨੀ ਸੀ। ਜਿਸ ਨੂੰ ਕਈ ਵਿਸ਼ੇਸ਼ਤਾਵਾਂ ਨਾਲ ਨਿਵਾਜਿਆ ਗਿਆ ਹੈ। ਜਿਵੇਂ ਪੀਰ-ਏ-ਪੀਰਾਂ, ਪੀਰ-ਏ-ਦੁਸਤਗੀਰ, ਗੋਸਉੱਲ ਅਜਮ, ਮਾਹਬੂਬ-ਇ-ਸੁਬ੍ਹਾਨੀ, ਮਹੀਉੱਦੀਨ ਆਦਿ ਜੀਲਾਨੀ ਸਨਾਤਨ ਪੰਥੀ ਇਸਲਾਮ ਨਾਲ ਆਪਣਾ ਨਿਕਟ-ਵਰਤੀ ਸੰਬੰਧ ਸਥਾਪਿਤ ਰੱਖਿਆ, ਜਿਸ ਕਰ ਕੇ ਮੁਸਲਿਮ ਜਗਤ ਵਿੱਚ ਉਸ ਨੂੰ ਬਹੁਤ ਸਤਿਕਾਰ ਦੀ ਦ੍ਰਿਸ਼ਟੀ ਤੋਂ ਦੇਖਿਆ ਜਾਂਦਾ ਸੀ।

ਇਸ ਸੰਪਰਦਾਇ ਵਿੱਚ ਪ੍ਰਭੂ ਸਿਮਰਨ ਦੇ ਚਾਰ ਢੰਗ ਨਿਸ਼ਚਿਤ ਕੀਤੇ ਗਏ ਹਨ ਯਕ ਜ਼ਰਬੀ, ਦੋ ਜਰਬੀ, ਸੇ ਜਰਬੀ ਅਤੇ ਚਹਾਰ ਜਰਬ, ਇਹਨਾਂ ਚਾਰਟਾਂ ਵਿੱਚ ਮੁੱਖ ਰੂਪ ਵਿੱਚ ਅੱਲਾਹ ਦੇ ਨਾਮ ਦੇ ਉਚਾਰਨ ਢੰਗ ਦਰਸਾਏ ਗਏ ਹਨ ਜਿਨ੍ਹਾਂ ਦੁਆਰਾ ਸਰੀਰਕ, ਮਾਨਸਿਕ ਅਤੇ ਰਹੱਸਵਾਦੀ ਪ੍ਰਕਿਰਿਆ ਚਲਦੀ ਹੈ। ਕਾਦਰੀ ਸੰਪਰਦਾਇ ਦੇ ਅਨੁਯਾਈ ਆਪਣੇ ਮੁਰਸ਼ਦ ਦੀ ਭਗਤੀ ਵਿੱਚ ਮਸਤ ਹੋ ਕੇ ਵੈਸ਼ਨਵ ਵਾਂਗ ਗਾਉਂਦੇ ਤੇ ਨੱਚਦੇ ਹਨ। ਨੱਚਦੇ ਨੱਚਦੇ ਮਸਤੀ ਵਿੱਚ ਬੇਸੁੱਧ ਹੋ ਜਾਂਦੇ ਹਨ ਇਸ ਨੂੰ 'ਹਾਲ ਪੈਣਾ' ਵੀ ਕਿਹਾ ਜਾਂਦਾ ਹੈ। ਇਸ ਸੰਪਰਦਾਇ ਦੇ ਸਾਧਕ ਧਾਰਮਿਕ, ਕਰਮ ਕਾਂਡ ਅਤੇ ਰਸਮਾਂ ਰੀਤਾਂ ਤੋ ਮੁਕਤ ਹੁੰਦੇ ਹਨ। ਕਾਦਰੀ ਸੰਪਰਦਾਇ ਵਿੱਚ ਸਹਿਣਸ਼ੀਲਤਾ ਨਿਮਰਤਾ ਆਦਿ ਦੇ ਗੁਣ ਵਿਸ਼ੇਸ਼ ਉਲੇਖਣੀ ਹਨ।

## ਨਕਸ਼ ਬੰਦੀ ਸੰਪਰਦਾਇ

ਨਕਸ਼ ਬੰਦੀ ਸੰਪਰਦਾਇ ਜਿਹੜੀ ਬਹਾਉੱਦੀਨ ਨਕਸ਼ ਬੰਦੀ ਦੇ ਨਾਮ ਨਾਲ ਸੰਬੰਧਿਤ ਹੈ, ਅਸਲ ਵਿੱਚ ਖਵਾਜਾਗਾਨ ਸੰਪਰਦਾਇ ਦੇ ਰੂਪ ਵਿੱਚ ਪ੍ਰਚਲਿਤ ਸੀ। ਜਿਸ ਦਾ ਸੰਚਾਲਕ ਆਬੂਯਾਕੁਬ ਯੂਸਫ਼ ਅਲ ਹਮ ਦਾਨੀ ਸੀ। ਉਸ ਪਿੱਛੋਂ ਉਸ ਦਾ ਖ਼ਲੀਫ਼ਾ ਅਬਦੁਲ ਅਲ ਗੁਜਦਵਾਨੀ ਇਸ ਸੰਪਰਦਾਇ ਦੀਆਂ ਵਿਸ਼ੇਸ਼ ਰੁਚੀਆਂ ਨੂੰ ਸੰਗਠਨ ਕਰਨ ਵਾਲਾ ਸੀ। ਉਸ ਨੇ ਸ਼ੁੱਧ ਮਾਨਸਿਕ ਸਿਮਰਨ ਉੱਤੇ ਜ਼ੋਰ ਦਿੱਤਾ ਅਤੇ ਅੱਠਾਂ ਨਿਯਮਾਂ ਦੀ ਸਥਾਪਨਾ ਕੀਤੀ ਹਬਸ-ਇ-ਦਮ ਇਸ ਸੰਪਰਦਾਇ ਦਾ ਵਿਸ਼ੇਸ਼ ਪੱਖ ਸੀ। ਭਾਰਤ ਵਿੱਚ ਇਸ ਸੰਪਰਦਾਇ ਦੀ ਸਥਾਪਨਾ ਖ਼ਵਾਜਾ ਬਾਕੀ ਬਿਲਾਹ ਬੇਰੰਗ ਦੇ ਇਸ ਦੇਸ਼ ਵਿੱਚ ਪ੍ਰਵੇਸ਼ ਕਰਨ ਨਾਲ ਸਵੀਕਾਰ ਕੀਤੀ ਜਾਂਦੀ ਹੈ। ਭਾਰਤ ਵਿੱਚ ਉਹ ਤਿੰਨ ਵਰ੍ਹੇ ਜੀਵਤ ਰਿਹਾ ਤੇ 1903 ਈ ਵਿੱਚ ਉਸ ਦੀ ਮੌਤ ਹੋ ਗਈ। ਇਸ ਸੰਪਰਦਾਇ ਨੂੰ ਭਾਰਤ ਵਿੱਚ ਸ਼ਕਤੀ ਪ੍ਰਦਾਨ ਕਰਨ ਵਾਲਾ ਖ਼ਵਾਜਾ ਬਾਕੀ ਬਿਲਾਹ ਦਾ ਮੁਰੀਦ ਇਮਾਮ ਰੱਬਾਨੀ ਮੁਜਦੀਦ ਆਲਿਫ ਸਾਨੀ ਸ਼ੇਖ਼ ਅਹਿਮਦ ਫ਼ਾਰੂਖੀ ਸਰਹੰਦੀ ਸੀ। ਇਸ ਸੰਪਰਦਾਇ ਦੇ ਅਨੁਯਾਈਆਂ ਵਾਸਤੇ ਇਹਨਾਂ ਗਿਆਰਾਂ ਨਿਯਮਾਂ ਦੀ ਪਾਲਣਾ ਕਰਨੀ ਆਵੱਸ਼ਕ ਸੀ।

ਹੋਸ਼ ਹਰਦਮ

ਨਜ਼ਰ ਬਰ ਕਦਮ

ਸਫ਼ਰ ਦਰ ਵਤਨ

ਖ਼ਿਲਵਤ ਦਾ ਅੰਜੁਮਨ

ਯਾਦ ਕਰੋ

ਬਾਜ਼ ਦਸਤ

ਨਿਗਾਹ ਦਾਸ਼ਤ

ਯਾਦ-ਦਾਸ਼ਤ

ਵਾਕੁਫ਼ -ਇ-ਜਮਾਨੀ

ਵੁਕੂਫ਼-ਇ-ਆਦਾਦੀ

ਵਾਕੂਫ਼-ਇ-ਕਲਬੀ

ਇਸ ਸੰਪਰਦਾਇ ਦੇ ਸਾਧਕ ਨੂੰ ਸ਼ੇਖ਼, ਅੱਲਾਹ ਅਤੇ ਮੁਹੰਮਦ ਵਿੱਚ ਵਿਸ਼ਵਾਸ ਰੱਖਣਾ ਪੈਦਾ ਹੈ। ਅਤੇ ਚਿੱਤ ਵਰਤੀਆਂ ਇਕਾਗਰ ਕਰਨੀਆਂ ਪੈਂਦੀਆਂ ਹਨ। ਉਹ ਸਵਾਸਾਂ ਨੂੰ ਰੋਕਦਾ ਹੈ ਅਤੇ ਜ਼ੁਬਾਨ ਦੀ ਥਾਂ ਦਿਲ ਨਾਲ ਪਿਆਰੇ ਨੂੰ ਯਾਦ ਕਰਦਾ ਹੈ ਇਸ ਸੰਪਰਦਾਇ ਦੇ ਅਨੁਯਾਈਆਂ ਦਾ ਵਿਸ਼ਵਾਸ ਹੈ ਕਿ ਸਾਧਨਾਂ ਦੁਆਰਾ ਸਾਧਕ ਇਸ ਪ੍ਰਕਾਰ ਦੀ ਸ਼ਕਤੀ ਪ੍ਰਾਪਤ ਕਰ ਲੈਂਦਾ ਹੈ ਕਿ ਪ੍ਰਕਿਰਤੀ ਦੀਆਂ ਸ਼ਕਤੀਆਂ ਉਸ ਦੇ ਅਧੀਨ ਹੋ ਜਾਂਦੀਆਂ ਹਨ। ਆਤਮਿਕ ਸ਼ਕਤੀ ਵਾਸਤੇ ਜ਼ਿਕਰ, ਖਲਵਤ (ਇਕਾਗਰ-ਚਿੱਤ ਹੋ ਕੇ ਉਪਾਸਨਾ ਲਈ ਇਕਾਂਤ ਸੇਵਨ), ਤਵੱਜੋ(ਪ੍ਰਮਾਤਮਾ ਦਾ ਧਿਆਨ ਕਰਨਾ ), ਮੁਰਕਬਾ (ਭੈ ਪੂਰਵਕ ਪ੍ਰਮਾਤਮਾ ਦਾ ਧਿਆਨ) ਅਤੇ ਤਸੱਵੁਫ਼ ਦਾ ਸਹਾਰਾ ਲੈਂਦਾ ਹੈ ਕਿਸੇ ਵਿਸ਼ੇਸ਼ ਸ਼ੇਖ਼ ਵਿੱਚ ਅਜਿਹੀ ਸ਼ਕਤੀ ਨੂੰ 'ਕੁਵੱਤ ਈਰਾਦਾਤ ਕਹਿੰਦੇ ਹਨ। ਕੁਵਤੁੱਲ-ਈਰਾਦਾਤ ਅੱਲਾਹ ਵਿੱਚ ਲੀਨ ਹੋਣ ਵਿੱਚ ਸਹਾਈ ਹੁੰਦੀ ਹੈ ਅਤੇ ਇਹੀ ਉਹਨਾ ਦਾ ਲਕਸ਼ ਹੁੰਦਾ ਹੈ। ਇਸ ਸੰਪਰਦਾਇ ਵਾਲੇ ਅਨੁਯਾਈਆਂ ਵਿੱਚ 'ਕਾਯੂਮੀਅਤ' ਦਾ ਸਿਧਾਂਤ ਵੀ ਵਿਸ਼ੇਸ਼ ਮਹੱਤਤਾ ਰੱਖਦਾ ਹੈ। 'ਕਾਯੂਮ' ਸੰਪੂਰਨ ਵਿਅਕਤੀ ਤੋਂ ਉਚੇਰੇ ਸਥਾਨ ਦਾ ਸੁਆਮੀ ਹੁੰਦਾ ਹੈ। ਅਤੇ ਹੋਰ ਵਸਤੂ ਉੱਤੇ ਪ੍ਰਭੂਤਵ ਰੱਖਦਾ ਹੈ।

## 5. **ਮਲਾਮਤੀ ਸੰਪਰਦਾਇ**

# BULLEH SHAH DIYAN KAFIYA WICH VIDROHI CHETNA

ਸੂਫ਼ੀ ਵਿਚਾਰ ਚਿੰਤਨ ਦੇ ਵਿਕਾਸ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਹੜੇ ਸੁਤੰਤਰ ਜੀਵਨ ਜਿਊਣ ਵਿਚ ਵਿਸ਼ਵਾਸ ਰੱਖਦੇ ਹਨ। ਅਜਿਹੇ ਸਾਧਕ ਸਨਾਤਨ ਪੰਥੀ ਇਸਲਾਮ ਦੀਆ ਪਾਬੰਦੀਆਂ ਤੋ ਆਪਣੇ ਆਪ ਨੂੰ ਮੁਕਤ ਕਰਦਿਆਂ ਧਾਰਮਿਕ ਰੂਪ ਵਿੱਚ ਵਿਚਰਨ ਦਾ ਯਤਨ ਕਰਦੇ ਹਨ ਤਾਂ ਕਿ ਲੋਕਾਂ ਤੋਂ ਦੂਰ ਰਹਿ ਸਕਣ।

ਡਾ, ਮੋਹਨ ਸਿੰਘ ਦੀਵਾਨਾ ਦਾ ਮੱਤ ਹੈ ਕਿ "ਇਸ ਸੰਪਰਦਾਇ ਦਾ ਮੋਢੀ ਅਬੂ ਸਾਲਹਿ ਹਮਦੂਨ ਸੀ। ਰਾਮ ਪੂਜਣ ਤਿਵਾੜੀ ਅਨੁਸਾਰ ਇਸ ਦਾ ਮੋਢੀ ਹਮਦੁਨੁੱਲ ਕੱਸਾਰ ਸੀ। ਜਿਹੜਾ ਮਿਸਰ ਦੇ ਸੁਪ੍ਰਸਿੱਧ ਚਿੰਤਕ ਜ਼ੂ ਅਲਨੂਨ ਦਾ ਮੁਰੀਦ ਸੀ। ਬੀ. ਜੇ. ਏ. ਸੁਬ੍ਹਾਨ ਦਾ ਵਿਚਾਰ ਹੈ ਕਿ ਮਲਾਮਤੀਆ ਪੰਥ ਦਾ ਪਹਿਲਾ ਅਨੁਯਾਈ ਸੰਤ ਜ਼ੂ ਅਲਨੂਨ ਮਿਸਰੀ ਸੀ। ਉਸ ਦਾ ਮੁਰੀਦ ਹਮਦੁੱਨੁੱਲ ਕੱਸਾਰ ਸੀ। ਜਿਸ ਨੇ ਇਸ ਸੰਪਰਦਾਇ ਦਾ ਮੁੱਢ ਬੰਨ੍ਹਿਆ।"[7]

ਜੇ. ਸਪੇਨ ਸਰ ਟ੍ਰਿਮਿੰਘਮ, ਸਲੰਮੀ ਦਾ ਹਵਾਲਾ ਦਿੰਦਿਆਂ ਦੱਸਦਾ ਹੈ ਕਿ ਇਸ ਸੰਪਰਦਾਇ ਦੇ ਤਿੰਨ ਮੋਢੀ ਪਿਤਾਮੇ ਸਨ ਜਿਹੜੇ ਨੇਸ਼ਾਪੁਰ ਦੇ ਨਿਵਾਸੀ ਸਨ, ਭਾਵ ਅਬੂ ਹਫ਼ਸ ਅਮਰ ਇਬਨ ਸਲਮਾ ਅੱਲ ਹੱਦਾਦ, ਹਮਦੁਨੁਲ ਕੱਸਾਰ ਅਤੇ ਸੈਦ ਇਬਨ ਇਸਮ ਐਲ ਅਲ ਹੈਰੀ। ਇਸ ਨੂੰ ਤਸੱਵਫ਼ ਤੋਂ ਭਿੰਨ ਨਹੀਂ ਸਗੋਂ ਨੇਸ਼ਾਪੁਰੀ ਰਹੱਸਵਾਦੀ ਸੰਪਰਦਾਇ ਸਮਝਿਆ ਜਾਂਦਾ ਹੈ। ਉਕਤ ਵਿਚਾਰ ਦੇ ਆਧਾਰ ਉੱਤੇ ਅਸੀਂ ਇਸ ਸੰਪਰਦਾਇ ਦਾ ਮੋਢੀ ਪ੍ਰਸਿੱਧ ਸੂਫ਼ੀ ਸੰਤ ਹਮਦੁਨੁੱਲ ਕੱਸਾਰ ਨੂੰ ਕਹਿ ਸਕਦੇ ਹਾਂ। ਮਲਾਮਤ ਇਹ ਨਹੀਂ ਕਿ ਸ਼ਰਾਅ ਦਾ ਤਿਰਸਕਾਰ ਕੀਤਾ ਜਾਵੇ ਅਤੇ ਲੋਕ ਉਨ੍ਹਾਂ ਦੀ ਨਿੰਦਿਆ ਕਰਨ ਮਲਾਮਤ ਇਹ ਹੈ ਕਿ ਪ੍ਰਭੂ ਪਿਆਰ ਦੇ ਰਾਹ ਵਿੱਚ ਸੰਸਾਰ ਦਾ ਭੈ ਨਾ ਰੱਖੀਏ। ਮਲਾਮਤੀ 'ਮਲਾਮਤ' ਤੋਂ ਬਣਿਆ ਹੈ ਜਿਸ ਦਾ ਭਾਵ ਨਿੰਦਨੀ ਹੈ। ਇਸ ਸੰਪਰਦਾਇ ਦੇ ਅਨੁਯਾਈ ਇਸਲਾਮੀ ਕਰਮ-ਕਾਂਡ ਅਤੇ ਦਿਖਾਵੇ ਦੀਆਂ ਰਸਮਾਂ ਰੀਤਾਂ ਦਾ ਤਿਆਗ ਕਰਦੇ ਹਨ । ਇਹਨਾਂ ਦਾ ਬੁਨਿਆਦੀ ਵਿਚਾਰ ਹੈ ਕਿ ਮਨੁੱਖ ਪ੍ਰਭੂ ਦੇ ਸਨਮੁੱਖ ਕੋਈ ਹਸਤੀ ਹੀ ਨਹੀਂ ਰੱਖਦਾ, ਸੰਸਾਰ ਵਿੱਚ ਵਿਚਰਦਿਆਂ ਸੰਸਾਰਿਕ ਤ੍ਰਿਸ਼ਨਾਵਾਂ ਤੋਂ ਦੂਰ ਰਹਿੰਦਾ ਹੈ। ਮਲਾਮਤੀ ਸੰਸਾਰ ਵਿੱਚ ਵਿਚਰਦਿਆਂ ਵਿਰਕਤ ਰਹਿੰਦਾ ਹੈ ਅਤੇ ਪ੍ਰਮਾਤਮਾ ਵਿੱਚ ਲਿਵ ਜੋੜੀ ਰੱਖਦਾ ਹੈ। ਉਹ ਅੰਤਰ ਆਤਮਾ ਦਾ ਦਿਖਾਵਾ ਨਹੀਂ ਕਰਦਾ ਅਤੇ ਨਾ ਹੀ ਲੋਕਾਂ ਵਿੱਚ ਬੈਠ ਕੇ ਪ੍ਰਭੂ ਸਿਮਰਨ ਕਰਦਾ ਹੈ। ਪ੍ਰੋ. ਗੁਲਵੰਤ

[7] ਉਹੀ, ਪੰਨਾ-36

ਸਿੰਘ, ਸੂਫ਼ੀ ਚਿੰਤਕ ਸ਼ੇਖ਼ ਸ਼ਹਾਬਉੱਦੀਨ ਸੁਹਰਾਵਰਦੀ ਦਾ ਹਵਾਲਾ ਦਿੰਦਿਆਂ ਲਿਖਦਾ ਹੈ ਕਿ "ਸੂਫ਼ੀ ਅਤੇ ਅਲਾਮਤੀ ਵਿੱਚ ਜੋ ਅੰਤਰ ਹੈ ਉਸ ਦਾ ਵੇਰਵਾ ਕੇਵਲ ਇਹ ਹੈ ਕਿ ਮਲਾ ਮਤੀ ਆਪਣੇ ਕਰਮਾਂ ਚਾਰ ਅਤੇ ਅਵਸਥਾ ਨੂੰ ਗੁਪਤ ਰੱਖਦਾ ਹੈ ਪਰ ਆਪਣੇ ਅੰਤਹਿਕਰਨ ਨੂੰ ਪਵਿੱਤਰਤਾ ਪੂਰਵਕ ਦ੍ਰਿੜ੍ਹ ਰੱਖਦਾ ਹੈ। ਪ੍ਰੰਤੂ ਸੂਫ਼ੀ ਆਪਣੇ ਕਰਮ ਅਤੇ ਅਵਸਥਾ ਤੋਂ ਆਪਣੇ 'ਅਹੰ' ਨੂੰ ਦੂਰ ਰੱਖਦਾ ਹੈ। ਮਾਨੋ ਉਸ ਨੇ ਆਪਣੇ 'ਅਹੰ' ਦੇ ਵਿਪਰੀਤ-ਤੱਤ ਨੂੰ ਵਿਭਿੰਨ ਕਰ ਦਿੱਤਾ ਹੈ।

ਇਹਨਾਂ ਸੂਫ਼ੀ ਸੰਪਰਦਾਵਾਂ ਦਾ ਮਹੱਤਵਪੂਰਨ ਪ੍ਰਭਾਵ ਪਿਆ ਕਿ ਵਡੇਰੀ ਸੰਖਿਆ ਵਿੱਚ ਇਸਲਾਮੀ ਸਮਾਜ ਇਹਨਾਂ ਦੇ ਕਲੇਵਰ ਵਿੱਚ ਆ ਗਿਆ ਅਤੇ ਇਸਲਾਮੀ ਰਹੱਸਵਾਦੀ ਜੀਵਨ ਇਹਨਾਂ ਦੁਆਰਾ ਵਿਸਥਾਰ ਗ੍ਰਹਿਣ ਕਰਨ ਲੱਗਾ। ਇਹਨਾਂ ਸੰਪਰਦਾਵਾਂ ਦਾ ਇਸਲਾਮੀ ਜਗਤ ਵਿੱਚ ਇੰਨਾ ਸਤਿਕਾਰ ਵਧਿਆ ਕਿ ਹਰ ਮੁਸਲਮਾਨ ਕਿਸੇ ਨਾ ਕਿਸੇ ਸੰਪਰਦਾਇ ਨਾਲ ਸੰਬੰਧਿਤ ਹੋ ਗਿਆ ਅਤੇ ਆਤਮਿਕ ਉੱਚਤਾ ਗ੍ਰਹਿਣ ਕਰਨ ਲੱਗਾ।

ਸਮੁੱਚੇ ਤੌਰ ਤੇ ਇਹਨਾਂ ਸੰਪਰਦਾਵਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਇਹਨਾਂ ਵਿੱਚ ਜਿਹੜੇ ਨਿਯਮਾਂ ਅਤੇ ਵਿਧਾਨ ਦੀ ਪਾਲਣਾ ਕੀਤੀ ਜਾਂਦੀ ਸੀ। ਉਹ ਇਸਲਾਮੀ ਰਹੱਸਵਾਦੀ ਜੀਵਨ ਦਾ ਪ੍ਰਤੀਕ ਸਨ। ਇਹਨਾਂ ਸੰਪਰਦਾਵਾਂ ਦਾ ਮੁੱਖ ਪ੍ਰਯੋਜਨ ਇਸਲਾਮੀ ਜਗਤ ਦੇ ਬਾਹਰੀ ਵਿਕਾਸ ਨਾਲੋਂ ਆਂਤਰਿਕ ਵਿਕਾਸ ਨੂੰ ਵਧੇਰੇ ਮਹੱਤਵ ਪ੍ਰਦਾਨ ਕਰਨਾ ਸੀ ਅਤੇ ਇਸਲਾਮੀ ਜਗਤ ਵਿੱਚ ਵਿਕਸਿਤ ਹੋ ਰਹੀ ਮੰਦਭਾਵਨਾ ਤੇ ਪ੍ਰਤੀਬੰਧ ਲਾਉਣਾ ਸੀ ਇਸਲਾਮੀ ਜਗਤ ਦੇ ਵਿੱਚ ਸੂਫ਼ੀ ਜਗਤ ਦਾ ਲਗਭਗ ਸੱਤ ਸੋ ਵਰ੍ਹਿਆਂ ਦਾ ਇਤਿਹਾਸ ਇੱਕ ਮਹੱਤਵਪੂਰਨ ਵਿਚਾਰ ਸ਼ਿੰਖਲਾ ਦਾ ਪ੍ਰਮਾਣ ਹੈ ਜਿਸ ਨੇ ਅਨੇਕਾਂ ਵਿਚਾਰ ਧਾਰਾਵਾਂ ਨੂੰ ਆਪਣੇ ਵਿੱਚ ਸੰਮਲਿਤ ਕਰ ਕੇ ਨਵੇਂ ਰੂਪ ਵਿੱਚ ਪ੍ਰਗਟਾਉਣ ਦਾ ਉਪਰਾਲਾ ਕੀਤਾ।

## ਅਧਿਆਇ ਚੌਥਾ

# ਬੁੱਲ੍ਹੇ ਸ਼ਾਹ : ਜਨਮ (ਜੀਵਨ) ਅਤੇ ਰਚਨਾ

ਬੁੱਲ੍ਹੇ ਦੇ ਜਨਮ ਅਤੇ ਦਿਹਾਂਤ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਡਾ: ਲਾਜਵੰਤੀ ਅਨੁਸਾਰ ਬੁੱਲ੍ਹੇ ਸ਼ਾਹ ਦਾ ਜਨਮ 1680 ਈ: ਵਿੱਚ ਲਾਹੌਰ ਜ਼ਿਲ੍ਹੇ ਦੇ ਕਸੂਰ ਵਿਚਲੇ ਪਿੰਡ ਪਾਂਡੋ ਕੀ ਵਿਖੇ ਸੱਯਦ ਪਰਿਵਾਰ ਵਿੱਚ ਹੋਇਆ ਹੈ ਅਤੇ ਦਿਹਾਂਤ 1177 ਹਿਜ਼ਰੀ ਅਰਥਾਤ 1758 ਈ: ਵਿੱਚ ਹੋਇਆ। ਜਦ ਉਹ 78 ਸਾਲਾ ਦੀ ਲੰਮੀ ਆਰਜਾ ਭੋਗ ਚੁੱਕੇ ਸਨ।ਡਾ: ਦੀਵਾਨਾ ਨੇ ਬੁੱਲ੍ਹੇ ਦਾ ਸਮਾਂ 1680 ਈ: ਤੋ 1753ਈ: ਤੱਕ ਮੰਨਿਆ ਹੈ। ਪ੍ਰੋ: ਪਿਆਰਾ ਸਿੰਘ ਪਦਮ ਅਤੇ ਕਿਰਪਾਲ ਸਿੰਘ ਕਸੇਲ ਹੁਰੀਂ ਵੀ ਸੀ.ਐਫ਼. ਔਗਬਰਨ ਦੇ ਹਵਾਲੇ ਅਨੁਸਾਰ ਬੁੱਲ੍ਹੇ ਸ਼ਾਹ ਦਾ ਸਮਾਂ 1680 ਤੋਂ 1758 ਤੱਕ ਮੰਨਦੇ ਹਨ ਜਦਕਿ ਮੌਲਾ ਬਖ਼ਸ਼ ਕੁਸ਼ਤਾ ਜੀ ਨੇ ਬੁੱਲ੍ਹੇ ਸ਼ਾਹ ਦਾ ਜਨਮ 1680 ਈ: ਅਤੇ ਦਿਹਾਂਤ 1746ਈ: ਭਾਵ 66 ਸਾਲ ਮੰਨਿਆ ਹੈ । ਭਾਈ ਕਾਹਨ ਸਿੰਘ ਨਾਭਾ ਨੇ ਬੁੱਲ੍ਹੇ ਦਾ ਦਿਹਾਂਤ 1171 ਹਿਜ਼ਰੀ ਲਿਖਿਆ ਹੈ।

ਇੰਞ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਤੋ ਇਹ ਸਿੱਧ ਹੁੰਦਾ ਹੈ, ਕਿ ਜਨਮ ਮਿਤੀ ਭਾਵ 1680 ਈ: ਮੁਤਾਬਿਕ 1103 ਹਿਜ਼ਰੀ ਸਾਰਿਆਂ ਨੇ ਠੀਕ ਸਿੱਧ ਕੀਤੀ ਹੈ, ਪਰ ਦਿਹਾਂਤ ਦੀ ਤਰੀਕ ਭਾਵੇਂ 1171 ਹਿਜਰੀ ਨਾਲ ਸਾਰੇ ਵਿਦਵਾਨ ਸਹਿਮਤ ਹਨ, ਪਰ ਇਸ ਨੂੰ ਈਸਵੀ ਸੰਨ ਵਿੱਚ ਤਬਦੀਲ ਕਰਨ ਲੱਗਿਆ ਭੁੱਲ ਹੋ ਗਈ ਜਾਪਦੀ ਹੈ ਜਿਸ ਕਾਰਨ ਵਿਚਾਰਾਂ ਵਿੱਚ ਅਸਮਾਨਤਾ ਹੈ।

ਉਪਰੋਕਤ ਮਿਤੀਆਂ ਦੇ ਆਧਾਰ ਤੇ ਬੁੱਲ੍ਹੇ ਸ਼ਾਹ ਦਾ ਸਮਾਂ ਕਿਉਂਕਿ 1103 ਹਿਜਰੀ ਮੁਤਾਬਿਕ 1680 ਈ: ਹੈ। ਇਸ ਵਿੱਚ 577 ਸਾਲ ਦਾ ਵਕਫ਼ਾ ਹੈ ਇਸ ਦੇ ਆਧਾਰ ਤੇ ਦਿਹਾਂਤ ਦਾ ਸਮਾਂ 1171 ਹਿਜ਼ਰੀ 1748 ਈ: ਬਣਦਾ ਹੈ। ਇੰਞ ਬੁੱਲ੍ਹੇ ਸ਼ਾਹ ਦਾ ਸਮਾਂ ਕੁਸ਼ਤਾ ਜੀ ਦੇ ਵਿਚਾਰਾਂ ਨਾਲ ਮੇਲ ਖਾਂਦਾ ਹੈ, 1680 ਤੋਂ 1748 ਈ: ਭਾਵ 68 ਸਾਲ।

ਬੁੱਲ੍ਹੇ ਸ਼ਾਹ 18ਵੀਂ ਸਦੀ ਦਾ ਸ਼੍ਰੋਮਣੀ ਸੂਫ਼ੀ ਕਵੀ ਹੈ। ਇਸ ਵੇਲੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ 1658ਈ: ਵਿੱਚ ਆਪਣੇ ਪਿਤਾ ਸ਼ਾਹ ਜਹਾਨ ਨੂੰ ਆਗਰੇ ਦੇ ਕਿਲ੍ਹੇ ਵਿੱਚ ਕੈਦ ਕਰ ਕੇ ਦਿੱਲੀ ਦੇ ਤਖ਼ਤ ਉੱਤੇ ਬੈਠ ਚੁੱਕਾ ਸੀ। ਉਸ ਦੀ ਧਾਰਮਿਕ ਕੱਟੜਤਾ ਕਾਰਨ ਪੰਜਾਬ ਵਿੱਚ ਅੱਤਿਆਚਾਰਾਂ ਦਾ ਦੌਰ ਆਰੰਭ ਹੋ ਚੁੱਕਾ ਸੀ। ਉਸ ਨੇ 1675 ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਵਾ ਦਿੱਤਾ ਸੀ। 1707 ਈ: ਵਿੱਚ ਉਸ ਦੀ ਮੌਤ ਹੋ ਗਈ, ਉਸ ਸਮੇਂ ਪੰਜਾਬ ਉੱਤੇ ਉਸ ਦੇ ਸੂਬੇਦਾਰ ਸਰਹਿੰਦ, ਲਾਹੌਰ ਤੇ ਮੁਲਤਾਨ ਰਾਜ ਕਰਦੇ ਸਨ। ਬੁੱਲ੍ਹੇ ਸ਼ਾਹ ਢਲਦੇ ਮੁਗ਼ਲ ਕਾਲ ਦਾ ਕਵੀ ਹੈ। ਉਸ ਸਮੇਂ ਭਾਰਤ ਉੱਤੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ । ਪੰਜਾਬ ਵਿਚ ਮੁਗ਼ਲ ਰਾਜ ਦੇ ਉੱਤਰਾਂ ਅਤੇ ਸਿੱਖ ਮਿਸਲਾਂ ਦੀ ਤਾਕਤ ਬਾਰੇ ਕਈ ਇਸ਼ਾਰੇ ਬੁੱਲ੍ਹੇ ਸ਼ਾਹ ਦੀ ਰਚਨਾ ਵਿਚੋਂ ਮਿਲਦੇ ਹਨ।

ਦਰ ਖੁਲ੍ਹਾ ਹਸ਼ਰ ਅਜਾਬ ਦਾ, ਬੁਰਾ ਹਾਲ ਹੋਇਆ ਪੰਜਾਬ ਦਾ।

ਵਿੱਚ ਹਾਵੀਆ ਦੌਜ਼ਖ ਮਾਰਿਆ, ਸਾਨੂੰ ਆ ਗਿਆ ਯਾਰ ਪਿਆਰਾ।

ਮੁਗ਼ਲਾ ਜ਼ਹਿਰ ਪਿਆਲੇ ਪੀਤੇ, ਭੂਰੀਆ ਵਾਲੇ ਰਾਜੇ ਕੀਤੇ।

ਬੁੱਲ੍ਹੇ ਸ਼ਾਹ ਦਾ ਫ਼ਕੀਰੀ ਵਾਲਾ ਸੁਭਾਅ ਬਚਪਨ ਤੋਂ ਹੀ ਸੀ, ਜਿਸ ਕਰ ਕੇ ਇਹਨਾਂ ਨੇ ਸੂਫ਼ੀਵਾਦ ਵਿੱਚ ਆਪਣੀ ਅਜਿਹੀ ਸਥਿਤੀ ਬਣਾਈ ਜਿਸ ਨੂੰ ਅੱਜ ਵੀ ਕਾਇਮ ਰੱਖਿਆ ਗਿਆ ਹੈ। ਨਿੱਕੀ ਉਮਰ ਵਿੱਚ ਹੀ ਉਹ ਪਸ਼ੂ ਚਾਰਦਾ ਸੀ। ਉਸ ਨੇ ਆਪਣੀ ਸ਼ੁਰੂਆਤੀ ਸਿੱਖਿਆ ਆਪਣੇ ਪਿਤਾ ਤੋ ਹੀ ਪ੍ਰਾਪਤ ਕੀਤੀ ਅਤੇ ਅੱਗੋਂ ਉਚੇਰੀ ਸਿੱਖਿਆ ਲਈ ਕਸੂਰ ਗਏ। ਇੱਥੇ ਜਾ ਕੇ ਬੁੱਲ੍ਹੇ ਸ਼ਾਹ ਜੀ ਮੁਰਤਜਾ ਕਸੂਰੀ ਦਾ ਚੇਲਾ ਬਣਿਆ ਅਤੇ ਉਸ ਪਾਸੋਂ ਹੀ ਉੱਚੇਰੀ ਵਿੱਦਿਆ ਪ੍ਰਾਪਤ ਕੀਤੀ। ਇੱਥੇ ਰਹਿੰਦਿਆਂ ਹੀ ਬੁੱਲ੍ਹੇ ਸ਼ਾਹ ਨੇ ਕੁਰਾਨ ਸ਼ਰੀਫ਼ ਦਾ ਡੂੰਘਿਆਈ ਨਾਲ ਅਧਿਐਨ ਕੀਤਾ। ਕਸੂਰ

ਵਿੱਚ ਵੱਖ-ਵੱਖ ਭਾਸ਼ਾਵਾਂ ਜਿਵੇਂ, ਅਰਬੀ, ਫ਼ਾਰਸੀ ਅਤੇ ਇਸਲਾਮੀ ਭਾਸ਼ਾ ਦਾ ਕੇਂਦਰ ਸੀ, ਜਿੱਥੇ ਬੁੱਲ੍ਹੇ ਸ਼ਾਹ ਨੇ ਉਚੇਰੀ ਵਿੱਦਿਆ ਹਾਸਿਲ ਕਰ ਕੇ ਅਧਿਆਤਮਿਕਤਾ ਨਾਲ ਜੁੜੇ ਕਸੂਰ ਵਿੱਚ ਰਹਿੰਦਿਆਂ ਹੀ ਅਧਿਆਤਮਕ ਵਾਲਾ ਜੀਵਨ ਬੁੱਲ੍ਹੇ ਸ਼ਾਹ ਨੇ ਜੀਵਿਆ ਉਸ ਨਾਲ ਬੁੱਲ੍ਹੇ ਸ਼ਾਹ ਦੇ ਧੁਰ ਅੰਦਰ ਰੱਬੀ ਖਿੱਚ ਪੈਦਾ ਹੋ ਗਈ। ਇਸ ਰੱਬੀ ਖਿੱਚ ਦੀ ਹੋਂਦ ਨੇ ਬੁੱਲ੍ਹੇ ਦੇ ਮਨ ਦੀਆਂ ਮੁਹਾਰਾਂ ਪਰਮਾਤਮਾ ਦੀ ਭਾਲ ਵੱਲ ਮੋੜ ਲਈਆਂ ਅਤੇ ਉਹ ਪ੍ਰਮਾਤਮਾ ਦੀ ਰਜ਼ਾ ਹੇਠ ਰਹਿਨੁਮਾਈ ਦਾ ਖ਼ੋਜੀ ਬਣ ਗਿਆ। ਸਿੱਖਿਆ ਹਾਸਿਲ ਕਰਨ ਪਿੱਛੋਂ ਬੁੱਲੇ ਸ਼ਾਹ ਨੇ ਆਪਣੇ ਲਈ ਮੁਰਸ਼ਦ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ। ਪਰਮਾਤਮਾ ਦੀ ਖੋਜ ਅਤੇ ਮੁਰਸ਼ਦ ਦੀ ਭਾਲ ਵਿੱਚ ਬੁੱਲ੍ਹੇ ਸ਼ਾਹ ਲਾਹੌਰ ਪੁੱਜੇ। ਇੱਥੇ ਆ ਕੇ ਇਹਨਾਂ ਨੇ ਪੀਰ ਸ਼ਾਹ ਅਨਾਇਤ ਨੂੰ ਆਪਣਾ ਗੁਰੂ ਧਾਰਨ ਕੀਤਾ। ਬੁੱਲ੍ਹੇ ਸ਼ਾਹ ਦਾ ਇਹ ਗੁਰੂ ਅਰਾਈਂ ਜਾਤ ਨਾਲ ਸੰਬੰਧ ਰੱਖਦਾ ਸੀ। ਬੁੱਲ੍ਹੇ ਸ਼ਾਹ ਦਾ ਗੁਰੂ ਚੰਗੇ ਵਿਦਵਾਨਾਂ ਵਿਚੋਂ ਇੱਕ ਸੀ। ਮੁਰਸ਼ਦ ਨੂੰ ਪ੍ਰਾਪਤ ਕਰਨ ਪਿੱਛੋਂ ਪੀਰ ਸ਼ਾਹ ਇਨਾਇਤ ਕਾਦਰੀ ਦੀ ਪ੍ਰੇਮ ਭਗਤੀ ਵਿੱਚ ਬੁੱਲ੍ਹੇ ਸ਼ਾਹ ਮਸਤ-ਮਲੰਗ ਹੋ ਕੇ ਨੱਚਣ ਲੱਗ ਪਿਆ। ਮੁਰਸ਼ਦ ਦਾ ਪਰਮਾਤਮਾ ਦੀ ਪ੍ਰਾਪਤੀ ਲਈ ਇਹ ਸ਼ਬਦ ਘੜੇ।ਬੁੱਲਿਆਂ! ਰੱਬ ਦਾ ਕੀ ਪਾਉਣਾ, ਏਧਰੋਂ ਪੁੱਟਣਾ ਤੇ ਉੱਧਰ ਲਾਉਣਾ।

ਅਰਥਾਤ ਮਾਨਵ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਲਈ ਮਨ ਦੀਆਂ ਮੁਹਾਰਾਂ ਨੂੰ ਇਸ ਜੱਗ ਵੱਲੋਂ ਮੋੜ ਕੇ ਪਰਮਾਤਮਾ ਵੱਲ ਲਾਉਣ ਦੀ ਲੋੜ ਹੈ। ਸਾਈਂ ਬੁੱਲ੍ਹੇ ਸ਼ਾਹ ਜੀ ਇੱਕ ਅਜਿਹਾ ਪੱਕਾ ਚੇਲਾ ਸਾਬਿਤ ਹੋਇਆ, ਜਿਸ ਨੇ ਤੁਰੰਤ ਹੀ ਆਪਣੇ ਮਨ ਦੀਆਂ ਮੁਹਾਰਾਂ ਨੂੰ ਪਰਮਾਤਮਾ ਵੱਲ ਮੋੜਨ ਦਾ ਉਪਰਾਲਾ ਕਰ ਲਿਆ ਸੀ। ਸਾਂਈ ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਵਿੱਚ ਬਹੁਤ ਯਕੀਨ ਰੱਖਦਾ ਸੀ ਬੁੱਲੇ ਸ਼ਾਹ ਨੇ ਆਪਣੇ ਮੁਰਸ਼ਦ ਨੂੰ ਬਹੁਤ ਸਾਰੇ ਨਾਮ ਦਿੱਤੇ ਜਿਵੇ:- ਆਸ਼ਕ,ਪਤੀ,ਉਸਤਾਦ,ਕਾਮਿਲ,ਮੁਰਸ਼ਦ,ਸੱਜਣ,ਤਾਰਨਹਾਰ,ਦਾਤ,ਸਾਂਈ,ਆਰਫ਼ ਆਦਿ ।ਸਾਈਂ ਬੁੱਲ੍ਹੇ ਸ਼ਾਹ ਮਸਤੀ ਵਿੱਚ ਇੰਨਾ ਨੱਚ ਉੱਠੇ ਕਿ ਇੱਕ ਵਾਰ ਸ਼ਾਹ ਅਨਾਇਤ ਨੇ ਉਨ੍ਹਾਂ ਨੂੰ ਆਪਣੇ ਡੇਰੇ ਵਿਚੋਂ ਬਾਹਰ ਕੱਢ ਦਿੱਤਾ। ਸਾਈਂ ਬੁੱਲ੍ਹੇ ਸ਼ਾਹ ਨੇ ਵਿਛੋੜੇ ਵਿੱਚ ਬਹੁਤ ਸਾਰੀਆਂ ਕਾਫ਼ੀਆਂ ਕਹੀਆਂ ਅਤੇ ਆਖ਼ਿਰ ਵਿੱਚ ਸ਼ਾਹ ਅਨਾਇਤ ਕੋਲੋਂ ਖਿਮਾ ਪ੍ਰਾਪਤ ਹੋਈ। ਸਾਈਂ ਬੁੱਲ੍ਹੇ ਸ਼ਾਹ ਜੀ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ ਉਹ ਕਵਾਰੇ ਹੀ ਰਹੇ। ਉਨ੍ਹਾਂ ਨੇ ਪੰਜਾਬ ਦੀ ਧਰਤੀ ਉੱਪਰ ਸੱਚ ਅਤੇ ਪ੍ਰੇਮ ਦਾ ਪ੍ਰਚਾਰ ਕੀਤਾ। ਜਦੋਂ ਸ਼ਾਹ ਅਨਾਇਤ ਦੀ 1741 ਵਿੱਚ ਮੌਤ ਹੋ ਗਈ

ਤਾਂ ਉਸ ਤੋਂ ਬਾਅਦ ਬੁੱਲ੍ਹੇ ਸ਼ਾਹ ਉਸ ਗੱਦੀ ਦਾ ਵਾਰਿਸ ਬਣਿਆ। ਅਖੀਰ 1758 ਵਿੱਚ ਸਾਈਂ ਬੁੱਲ੍ਹੇ ਸ਼ਾਹ ਵੀ ਰੱਬ ਨੂੰ ਪਿਆਰਾ ਹੋ ਗਿਆ। ਬੁੱਲ੍ਹੇ ਸ਼ਾਹ ਦੀਆਂ ਹੱਥ-ਲਿਖਤ ਰਚਨਾਵਾਂ ਦਾ ਵੇਰਵਾ ਅੱਜ ਵੀ ਮਿਲਦਾ ਹੈ, ਪਰ ਇਸ ਦਾ ਪੂਰੀ ਤਰ੍ਹਾਂ ਕੋਈ ਦਸਤਾਵੇਜ਼ ਤਿਆਰ ਨਹੀਂ ਹੋ ਸਕਿਆ। ਅਜੋਕੇ ਯੁੱਗ ਵਿੱਚ ਸਾਈਂ ਬੁੱਲ੍ਹੇ ਸ਼ਾਹ ਦੀਆ ਹੱਥ ਘੜਤ ਰਚਨਾਵਾਂ ਵਿੱਚ ਸਿਹਰਫ਼ੀਆਂ, ਕਾਫ਼ੀਆਂ, ਦੋਹੜੇ, ਬਾਰਾਮਾਹ, ਗੰਢਾ, ਅਠਵਾਰੇ ਆਦਿ ਕਈ ਹੋਰ ਕਾਵਿ ਰੂਪ ਦੇਖੇ ਜਾ ਸਕਦੇ। ਸਾਈਂ ਬੁੱਲ੍ਹੇ ਸ਼ਾਹ ਦੀ ਸਾਰੀ ਹੱਥ ਲਿਖਤ ਨੂੰ ਭਾਲ ਕੇ ਉਸ ਦਾ ਇੱਕ ਪੂਰਾ ਦਸਤਾਵੇਜ਼ ਤਿਆਰ ਕਰਨ ਦੀ ਲੋੜ ਹੈ। 'ਬਿਕਰਮ ਸਿੰਘ ਘੁੰਮਣ' ਨੇ ਆਪਣੀ ਪੁਸਤਕ 'ਕਾਫ਼ੀਆਂ ਬੁੱਲ੍ਹੇ ਸ਼ਾਹ ' ਵਿੱਚ ਇਹ ਬਿਆਨ ਕੀਤਾ ਹੈ ਕਿ " ਮੋਹਨ ਸਿੰਘ ਦੀਵਾਨਾ ਨੇ ਉਸ ਦੀਆ ਪੰਜਾਬੀ ਕਾਫ਼ੀਆ ਦਾ ਇੱਕ ਸੰਗ੍ਰਹਿ ਛਾਪਿਆ ਹੈ।"

ਉਸ ਤੋ ਬਿਨਾਂ 'ਪਿਆਰਾ ਸਿੰਘ ਪਦਮ, ਗੁਰਦੇਵ ਸਿੰਘ' ਆਦਿ ਹੋਰ ਵਿਦਵਾਨਾਂ ਵੱਲੋਂ ਵੀ ਸਮੇਂ ਸਮੇਂ ਉਸ ਦੀਆਂ ਰਚਨਾਵਾਂ ਦੇ ਸੰਗ੍ਰਹਿ ਛਪਦੇ ਰਹੇ ਹਨ। ਸਾਈਂ ਬੁੱਲ੍ਹੇ ਸ਼ਾਹ ਦੀਆਂ ਰਚਨਾਵਾਂ ਵਿੱਚ 156 ਕਾਫ਼ੀਆਂ, 3 ਸ਼ੀਹਰਫ਼ੀਆਂ, 48 ਦੋਹੜੇ, ਇੱਕ ਬਾਰਾਮਾਹ 40 ਗੰਢਾ ਅਤੇ ਇੱਕ ਅਠਵਾਰਾ ਮਿਲਦਾ ਹੈ। ਇਸ ਗੱਲ ਵਿੱਚ ਕੋਈ ਸ਼ੰਕਾ ਨਹੀਂ ਕਿ ਬੁੱਲ੍ਹੇ ਸ਼ਾਹ ਨੂੰ ਪ੍ਰਸਿੱਧੀ ਉਸ ਦੀਆ ਕਾਫ਼ੀਆਂ ਨੇ ਦਿਵਾਈ।

ਕਾਫ਼ੀ ਕੀ ਹੈ?

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਅਰਬੀ ਵਿੱਚ ਕਾਫ਼ੀ ਦਾ ਅਰਥ ਹੈ, ਪਿੱਛੇ ਚੱਲਣ ਵਾਲਾ, ਅਨੁਚਰ, ਅਨੁਗਾਮੀ। ਛਮਦ ਦਾ ਉਹ ਪਦ ਜੋ ਸਥਾਈ (ਰਹਾਉ) ਹੋਵੇ। ਜਿਸ ਪਿੱਛੇ ਹੋਰ ਤੁਕਾਂ ਗਾਉਣ ਸਮੇਂ ਜੋੜੀਆਂ ਜਾਣ ਅਤੇ ਜੋ ਮੁੜ-ਮੁੜ ਗੀਤ ਦੇ ਤਾਕ, ਬਿਸਰਾਮਪੁਰ ਆਵੇ ਕਾਫ਼ੀ ਕਿਸੇ ਛੰਦ ਦਾ ਨਾਮ ਨਹੀਂ ਸਗੋਂ ਗੀਤ ਦੇ ਰਹਾਓ ਦਾ ਜਾਂ ਗੀਤ ਵਿੱਚ ਟੀਪ ਦਾ ਬੰਦ ਹੈ। ਇਸ ਦਾ ਬੁਨਿਆਦੀ ਛੰਦ ਰਾਗਾਤਮਿਕਤਾ ਅਤੇ ਲੈਅ ਦੀ ਹੋਂਦ ਵਾਲਾ ਹੁੰਦਾ ਹੈ ਤਾਂ ਜੋ ਮਹਿਫ਼ਲ ਵਿੱਚ ਇਸ ਨੂੰ ਗਾ ਕੇ  ਸਮੂਹਿਕ ਅਨੰਦ ਮਾਣਿਆ ਜਾ ਸਕੇ। ਜਿਵੇਂ-

ਮਨ ਅਟਕਿਆ ਬੇਪ੍ਰਵਾਹ ਦੇ ਨਾਲ।

ਉਸ ਦੀਨ-ਦੁਨੀ ਦੇ ਸ਼ਾਹ ਦੇ ਨਾਲ।

**ਸੀਹਰਫ਼ੀ**

ਸੀਹਰਫ਼ੀ : ਸੀਹ ਦਾ ਅਰਥ ਹੈ ਤੀਹ ਅਤੇ ਹਰਫ਼ ਦਾ ਭਾਵ ਹੈ ਅੱਖਰ। ਸੀਹਰਫ਼ੀ ਫ਼ਾਰਸੀ ਤੋਂ ਉਰਦੂ ਦੇ ਜ਼ਰੀਏ ਪੰਜਾਬੀ ਵਿੱਚ ਆਇਆ ਇੱਕ ਕਾਵਿ-ਰੂਪਾਕਾਰ ਹੈ ਜਿਸ ਵਿੱਚ ਫ਼ਾਰਸੀ ਦੀ ਵਰਨਮਾਲਾ (ਜਿਸ ਨੂੰ ਉਹ ਅਬਜਦ ਆਖਦੇ ਹਨ) ਦੇ ਇਕੱਲੇ-ਇਕੱਲੇ ਹਰਫ਼ ਨੂੰ ਲੈ ਕੇ ਕ੍ਰਮਵਾਰ ਬੰਦ ਰਚੇ ਜਾਂਦੇ ਹਨ। ਉਰਦੂ ਵੀ ਇਸੇ ਵਰਨਮਾਲਾ ਨਾਲ ਲਿਖਿਆ ਜਾਂਦਾ ਹੈ। ਇਸ ਵਰਨਮਾਲਾ ਵਿੱਚ ਅਲਫ਼ ਤੋਂ ਯੇ ਤੱਕ ਇੱਕ-ਇੱਕ ਹਰਫ਼ ਨਾਲ ਸ਼ੁਰੂ ਕਰ ਕੇ ਇੱਕ- ਇੱਕ ਕਾਵਿ-ਬੰਦ ਲਿਖਿਆ ਜਾਂਦਾ ਹੈ। ਪੰਜਾਬੀ ਵਿੱਚ ਇਸ ਕਾਵਿ-ਰੂਪ ਦੀ ਪਿਰਤ ਓਦੋਂ ਪਈ ਜਦੋਂ ਮੁਸਲਮਾਨ ਕਵੀਆਂ ਨੇ ਪੰਜਾਬੀ ਵਿੱਚ ਕਵਿਤਾ ਲਿਖਣੀ ਸ਼ੁਰੂ ਕੀਤੀ। ਉਂਞ ਪੰਜਾਬੀ ਤੇ ਹਿੰਦੀ ਵਿੱਚ ਆਪੋ-ਆਪਣੀ ਵਰਨਮਾਲਾ ਅਨੁਸਾਰ ਪੱਟੀ ਤੇ ਬਾਵਨ ਅੱਖਰੀ ਲਿਖਣ ਦੀ ਵੀ ਪਰੰਪਰਾ ਹੈ। ਸੀਹਰਫ਼ੀ ਨਿਰੋਲ ਕਾਵਿ-ਰੂਪ ਹੈ। ਇਸ ਵਿੱਚ ਛੰਦ ਜਾਂ ਵਿਸ਼ੇ ਦੀ ਕੋਈ ਬੰਦਸ਼ ਨਹੀਂ। ਸੀਹਰਫ਼ੀ, ਦੋਹਰੇ, ਡਿਉਢ, ਸਲੋਕ, ਬੈਂਤ ਕਿਸੇ ਵੀ ਕਾਵਿ-ਬਣਤਰ ਦੀ ਵਰਤੋਂ ਕਰ ਸਕਦੀ ਹੈ। ਇਸ ਦਾ ਵਿਸ਼ਾ ਅਧਿਆਤਮਿਕ, ਧਾਰਮਿਕ, ਇਤਿਹਾਸਿਕ, ਰੁਮਾਂਟਿਕ ਕੋਈ ਵੀ ਹੋ ਸਕਦਾ ਹੈ। ਲੰਬੀ ਕਹਾਣੀ ਤੇ ਬਿਰਤਾਂਤ ਨੂੰ ਸੀਹਰਫ਼ੀ ਵਿੱਚ ਸਹਿਜੇ ਹੀ ਪੇਸ਼ ਕੀਤਾ ਜਾ ਸਕਦਾ ਹੈ। ਸੀਹਰਫ਼ੀ ਉਰਦੂ ਮਿਸ ਵਾਲੀ ਪੰਜਾਬੀ ਬੋਲੀ ਵਿੱਚ ਹੁੰਦੀ ਹੈ। ਇਸ ਦੀ ਮਿੱਠੀ, ਠੇਠ ਤੇ ਸਰਲ ਭਾਸ਼ਾ ਉਨ੍ਹਾਂ ਪੁਰਾਣੇ ਬਜ਼ੁਰਗਾਂ ਨੂੰ ਬੜਾ ਪ੍ਰਭਾਵਿਤ ਕਰਦੀ ਹੈ ਜਿਨ੍ਹਾਂ ਦਾ ਪਿਛੋਕੜ ਉਰਦੂ ਫ਼ਾਰਸੀ ਵਾਲਾ ਹੈ। ਹੁਣ ਤੱਕ ਘੱਟੋ-ਘੱਟ ਇੱਕ ਸੌ ਕਵੀ ਸੀਹਰਫ਼ੀ ਉੱਤੇ ਆਪਣੀ ਕਲਮ ਅਜ਼ਮਾ ਚੁੱਕੇ ਹਨ।

ਫ਼ਾਰਸੀ ਵਰਨਮਾਲਾ ਦੇ ਹਰਫ਼ ਤਾਂ ਅਠਾਈ ਹਨ। ਇਸਲਾਮੀ ਆਸਥਾ ਕਾਰਨ ਅਠਾਈ ਦੀ ਥਾਂ ਤੀਹ ਬੰਦਾਂ ਵਾਲੀ ਸੀਹਰਫ਼ੀ ਦੀ ਪਰੰਪਰਾ ਹੈ। ਅਸਲ ਵਿੱਚ ਕੁਰਾਨ ਦੇ ਸਿਪਰਿਆਂ ਭਾਵ ਚੈਪਟਰਾਂ ਦੀ ਗਿਣਤੀ ਤੀਹ ਹੈ। ਰਮਜ਼ਾਨ ਵਿੱਚ ਵੀ ਤੀਹ ਰੋਜ਼ਿਆਂ ਦਾ ਹੀ ਵਿਧਾਨ ਹੈ। ਇਸੇ ਲਈ ਤੀਹ ਦਾ ਅੰਕ ਇਸਲਾਮੀ ਪਰੰਪਰਾ ਵਿੱਚ ਪਵਿੱਤਰ ਮੰਨਿਆ

ਜਾਂਦਾ ਹੈ। ਤੀਹ ਦੀ ਗਿਣਤੀ ਪੂਰੀ ਕਰਨ ਵਾਸਤੇ ਕਵੀ ਅਲਫ਼ ਨਾਲ ਹੀ ਰਚਨਾ ਦਾ ਅਰੰਭਿਕ ਬੈਂਤ ਲਿਖਦੇ ਹਨ ਅਤੇ ਅਲਫ਼ ਨਾਲ ਹੀ ਅੰਤਿਮ ਬੰਦ ਮੁਕਾਉਂਦੇ ਹਨ। ਇੱਕ ਹੋਰ ਬੰਦ ਲਾਮ ਤੇ ਅਲਫ਼ ਦੇ ਜੋੜ ਨਾਲ ਲਾ ਬਣਾ ਕੇ ਸਿਰਜਿਆ ਜਾਂਦਾ ਹੈ। ਇਸ ਤਰ੍ਹਾਂ ਦੋ ਬੰਦ ਅੱਲਾ ਦੇ ਬੋਧਿਕ ਬਣ ਜਾਂਦੇ ਹਨ ਤੇ ਸੀਹਰਫ਼ੀ ਪੂਰੀ ਹੋ ਜਾਂਦੀ ਹੈ।

ਇਸਲਾਮੀ ਪਰੰਪਰਾ ਨਾਲ ਸੰਬੰਧਿਤ ਹੋਣ ਕਰ ਕੇ ਸੂਫ਼ੀ ਕਵੀਆਂ ਨੇ ਸੀਹਰਫ਼ੀ ਦੀ ਵਰਤੋਂ ਕਾਫ਼ੀ ਮਾਤਰਾ ਵਿੱਚ ਕੀਤੀ ਹੈ। ਉਨ੍ਹਾਂ ਦੀਆਂ ਸਿਹਰਫ਼ੀਆਂ ਵਿੱਚ ਇਸਲਾਮੀ ਸ਼ਰ੍ਹਾ ਦੀ ਚਰਚਾ ਵਧੇਰੇ ਹੈ ਤੇ ਸੰਸਾਰਿਕ ਜੀਵਨ ਦਾ ਚਿਤਰਨ ਘੱਟ। ਇਸ ਤਰ੍ਹਾਂ ਉਨ੍ਹਾਂ ਨੇ ਸੀਹਰਫ਼ੀ ਨੂੰ ਇਸਲਾਮ ਦੇ ਪ੍ਰਚਾਰ ਲਈ ਵਧੇਰੇ ਵਰਤਿਆ ਹੈ। ਇਸ ਦੇ ਬਾਵਜੂਦ ਸੂਫ਼ੀਆਂ ਦੀਆਂ ਸਿਹਰਫ਼ੀਆਂ ਵਿੱਚ ਕਰਮ-ਕਾਂਡ ਦੀ ਥਾਂ ਅੰਦਰਲੀ ਰੂਹਾਨੀਅਤ ਉੱਤੇ ਵੱਧ ਜ਼ੋਰ ਹੈ। ਸੂਫ਼ੀਆਂ ਨੇ ਦੋਹਰੇ ਤੇ ਦਵੱਯੀਏ ਵਿੱਚ ਵੀ ਸੀਹਰਫੀਆਂ ਰਚੀਆਂ ਹਨ। ਬਾਹੂ ਨੇ ਤਾਟੰਕ ਛੰਦ ਵਿੱਚ ਵੀ ਸੀਹਰਫ਼ੀ ਲਿਖੀ ਹੈ। ਉਂਞ ਸੂਫ਼ੀਆਂ ਵਿੱਚ ਹੀ ਨਹੀਂ, ਸੀਹਰਫ਼ੀ ਕਾਵਿ ਲਿਖਣ ਵਾਲੇ ਬਹੁਤੇ ਕਵੀਆਂ ਵਿੱਚ ਬੈਂਤ ਸਭ ਤੋਂ ਵੱਧ ਲੋਕ-ਪ੍ਰਿਆ ਛੰਦ ਰਿਹਾ ਹੈ।

ਭਾਵੇਂ ਅੱਜ ਪ੍ਰਾਪਤ ਕਾਵਿ ਵਿੱਚ ਸੀਹਰਫ਼ੀ ਦਾ ਸਭ ਤੋਂ ਪੁਰਾਣਾ ਨਮੂਨਾ ਸੁਲਤਾਨ ਬਾਹੂ ਦੀ ਰਚਨਾ ਹੀ ਹੈ, ਪਰੰਤੂ ਸੀਹਰਫ਼ੀ ਲਿਖਣ ਦੀ ਪਰੰਪਰਾ ਖ਼ਾਸੀ ਪੁਰਾਣੀ ਹੈ। ਮੋਹਨ ਸਿੰਘ ਦੀਵਾਨਾ ਅਨੁਸਾਰ ਪੰਜਾਬ ਵਿੱਚ ਪਹਿਲੀ ਸੀਹਰਫ਼ੀ ਗੁਰੂ ਨਾਨਕ ਦੇਵ ਦੇ ਸਮਕਾਲੀ ਕਵੀ ਮੀਰਾਂ ਸ਼ਾਹ ਨੇ ਲਿਖੀ। ਇਹ ਸੀਹਰਫ਼ੀ ਹੁਣ ਪ੍ਰਾਪਤ ਨਹੀਂ। ਸੁਲਤਾਨ ਬਾਹੂ (1629-90) ਦੀ ਸੀਹਰਫ਼ੀ ਵਿਚੋਂ ਇੱਕ ਉਦਾਹਰਨ ਵੇਖੋ :

ਅਲਿਫ਼ ਅਲਾ ਚੰਬੇ ਦੀ ਬੂਟੀ,

ਮੇਰੇ ਮੁਰਸ਼ਦ ਮਨ ਵਿੱਚ ਲਾਈ ਹੂ।

ਨਫ਼ੀ ਅਸਬਾਤ ਦਾ ਪਾਣੀ ਮਿਲਿਆ,

ਹਰ ਗੱਲੇ ਹਰ ਜਾਈ ਹੂ।

ਅਲੀ ਹੈਦਰ (1690-1785) ਨੇ ਪੰਜ ਸੀਹਰਫੀਆਂ ਰਚੀਆਂ। ਇਹ ਮਾਅਰਫ਼ਤ ਦਾ ਖ਼ਜ਼ਾਨਾ ਤਾਂ ਹਨ ਹੀ, ਇਹਨਾਂ ਵਿੱਚ ਦੇਸ਼ ਦੀ ਮਾੜੀ ਹਾਲਤ ਉੱਤੇ ਵੀ ਅਫ਼ਸੋਸ ਪ੍ਰਗਟ ਕੀਤਾ ਗਿਆ ਹੈ :

ਬੇ-ਬੀ ਜ਼ਹਿਰ ਨਹੀਂ ਜੋ ਖਾ ਮਰਨ

ਕੁੱਝ ਸ਼ਰਮ ਨਾ ਹਿੰਦੁਸਤਾਨੀਆਂ ਨੂੰ।

ਕਿਆ ਹੋਇਆ ਉਨ੍ਹਾਂ ਰਾਜਿਆਂ ਨੂੰ,

ਕੁੱਝ ਲੱਜ ਨਹੀਂ ਤੁਰਾਨੀਆਂ ਨੂੰ।

ਉਨ੍ਹੀਵੀਂ ਸਦੀ ਦੇ ਰਵਾਇਤੀ ਕਵਿਤਾ ਦੇ ਸਿਖਰ ਦੇ ਯੁੱਗ ਵਿੱਚ ਸੀਹਰਫ਼ੀ ਨੂੰ ਵਿਰਾਗ, ਤਿਆਗ, ਪ੍ਰੇਮ ਤੇ ਇਤਿਹਾਸਿਕ ਬਿਰਤਾਂਤ ਦੇ ਬਿਆਨ ਲਈ ਬਹੁਤ ਜ਼ਿਆਦਾ ਵਰਤਿਆ ਗਿਆ। ਭਾਵੇਂ ਇਸ ਰੂਪਾਕਾਰ ਦਾ ਅਰੰਭ ਮੁਸਲਮਾਨਾਂ ਨੇ ਕੀਤਾ ਪਰੰਤੂ ਹਿੰਦੂ ਤੇ ਸਿੱਖ ਕਵੀਆਂ ਨੇ ਵੀ ਇਸ ਦੀ ਭਰਪੂਰ ਵਰਤੋਂ ਕੀਤੀ ਹੈ। ਸੰਤਰੇ, ਸੰਤ ਗੁਪਾਲ ਸਿੰਘ, ਸਾਈਂ ਦਾਸ, ਸਾਹਿਬ ਸਿੰਘ, ਦਿਆਲ ਸਿੰਘ, ਹਾਕਮ ਸਿੰਘ ਦਰਵੇਸ਼, ਨਿਹਾਲ ਸਿੰਘ, ਗੰਗਾ ਰਾਮ, ਮਿਲਖੀ ਰਾਮ, ਸਦਾ ਨੰਦ ਆਦਿ ਕਿੰਨੇ ਹੀ ਨਾਂ ਇਸ ਪਰੰਪਰਾ ਵਿੱਚ ਗਿਣੇ ਜਾ ਸਕਦੇ ਹਨ। ਪੂਰਨ ਭਗਤ ਦੇ ਕਿੱਸੇ ਵਿਚਲੀ ਸੀਹਰਫ਼ੀ ਇਸ ਕਾਵਿ ਦੀ ਬਿਰਤਾਂਤ ਸਿਰਜਣ ਦੀ ਸਮਰੱਥਾ ਦਾ ਪ੍ਰਮਾਣ ਹੈ :

ਰੇ-ਰੰਗ ਮਹਲ ਤੇ ਚੜ੍ਹ ਰਾਣੀ

ਰੋ ਰੋ ਆਖਦੀ ਪੂਰਨਾ ਲੁੱਟ ਗਿਉਂ।

ਬਾਗ਼ ਸ਼ੌਕ ਦੇ ਪੱਕ ਤਿਆਰ ਹੋਏ,

ਨੇਹੁੰ ਲਾ ਕੇ ਪੂਰਨਾ ਪੁੱਟ ਗਿਉਂ।

ਘੜੀ ਬੈਠ ਨਾ ਕੀਤੀਆਂ ਰੱਜ ਗੱਲਾਂ,

ਛੂਠੀ ਪ੍ਰੀਤ ਲਗਾ ਕੇ ਉਠ ਗਿਉਂ।

ਕਾਦਰ ਯਾਰ ਮੀਆਂ ਸੱਸੀ ਵਾਂਗ ਮੈਨੂੰ,

ਥਲਾਂ ਵਿੱਚ ਕੁਲਾਉਂਦੀ ਸੁੱਟ ਗਿਉਂ।

ਹਰੀ ਸਿੰਘ ਨਲਵੇ ਦਾ ਬਿਰਤਾਂਤ ਕਾਦਰਯਾਰ ਦੇ ਤਖ਼ੱਲਸ ਨਾਲ ਲਿਖਣ ਵਾਲੇ ਇੱਕ ਪੁਰਾਤਨ ਕਵੀ ਦੀਆਂ ਸੀਹਰਫੀਆਂ ਵਿੱਚ ਵੀ ਪ੍ਰਾਪਤ ਹੈ। ਇਸ ਵਿਚੋਂ ਇੱਕ ਬੰਦ ਵੇਖੋ :

ਲਾਮ-ਲੋਕਾਂ ਪਠਾਣਾਂ ਨੂੰ ਖ਼ਬਰ ਨਾ ਸੀ,

ਹਰੀ ਸਿੰਘ ਮੈਦਾਨ ਵਿੱਚ ਮਰ ਗਿਆ।

ਏਸੇ ਵਾਸਤੇ ਦੋਸਤ ਮੁਹੰਮਦ ਜੇਹਾ,

ਸੁਲਾਹ ਨਾਲ ਵਕੀਲਾਂ ਸੀ ਕਰ ਗਿਆ।

ਹਰੀ ਸਿੰਘ ਸਰਦਾਰ ਦੀ ਧਮਕ ਭਾਰੀ,

ਉਸੇ ਜੰਗ ਤੋਂ ਤੰਗ ਹੋ ਡਰ ਗਿਆ।

ਕਾਦਰਯਾਰ ਮੀਆਂ ਜਾਣੇ ਖਲਕ ਸਾਰੀ,

ਹਰੀ ਸਿੰਘ ਪਿਸ਼ੌਰ ਵਿੱਚ ਲੜ ਗਿਆ।

# BULLEH SHAH DIYAN KAFIYA WICH VIDROHI CHETNA

ਅੰਗਰੇਜ਼ੀ ਰਾਜ ਸਮੇਂ ਬਰਦੇ ਨੇ ਅੰਗਰੇਜ਼ੀ ਧੱਕੇਸ਼ਾਹੀ ਦਾ ਜ਼ਿਕਰ ਇੱਕ ਸੀਹਰਫ਼ੀ ਵਿੱਚ ਕੀਤਾ ਜਿਸ ਦਾ ਇੱਕ ਬੰਦ ਇਸ ਪ੍ਰਕਾਰ ਹੈ :

ਜੀਮ-ਜੇਲ੍ਹ ਖ਼ਾਨਾ ਰਾਵਲਪਿੰਡੀ ਵਾਲਾ,

ਜਿਦੀਆਂ ਕੋਠੀਆਂ ਗਿਣੋ ਤਾਂ ਹੈਨ ਚਾਲੀ।

ਪੰਜ ਸੱਤ ਕੈਦੀ ਰੋਜ ਆਣ ਵੜਦੇ,

ਕਦੇ ਦਿਨ ਨਾ ਜਾਂਵਦਾ ਕੋਈ ਖ਼ਾਲੀ।

ਬਾਰਾਂ ਸੇਰ ਛੋਲੇ ਦਿੰਦੇ ਪੀਸਨੇ ਨੂੰ,

ਮੂੰਹ 'ਤੇ ਆਏ ਜਰਦੀ ਅੱਖਾਂ ਵਿੱਚ ਲਾਲੀ।

ਬਰਦਾ ਆਖਦਾ ਯਾਰੋ ਅੰਗ੍ਰੇਜ਼ ਡਾਢੇ,

ਇਹਨਾਂ ਸੈਆਂ ਜਵਾਨਾਂ ਦੀ ਜਿੰਦ ਗਾਲੀ।

ਸੀਹਰਫ਼ੀ ਦੀ ਅਮੀਰ ਪਰੰਪਰਾ ਦੇ ਬਾਵਜੂਦ ਅੱਜ ਇਸ ਦੀ ਵਰਤੋਂ ਘੱਟ ਗਈ ਹੈ। ਇਸ ਦਾ ਕਾਰਨ ਇੱਧਰਲੇ ਪੰਜਾਬ ਵਿੱਚ ਫ਼ਾਰਸੀ ਲਿਪੀ ਤੇ ਉਰਦੂ ਭਾਸ਼ਾ ਤੋਂ ਸਾਡੇ ਲੋਕਾਂ ਦੀ ਵੱਧ ਰਹੀ ਬੇਗਾਨਗੀ ਹੈ। ਪੱਛਮੀ ਪੰਜਾਬ ਵਿੱਚ ਅੱਜ ਵੀ ਇਸ ਰੂਪਾਕਾਰ ਨੂੰ ਬਹੁਤ ਵਰਤਿਆ ਜਾਂਦਾ ਹੈ। ਇੱਧਰਲੇ ਸਟੇਜੀ ਕਵੀ ਤੇ ਕਵੀਸ਼ਰ ਵੀ ਕਦੇ-ਕਦੇ ਇਸ ਰੂਪਾਕਾਰ ਨੂੰ ਵਰਤ ਲੈਂਦੇ ਹਨ। ਸੀਹਰਫ਼ੀ ਲੰਬੇ ਬਿਰਤਾਂਤ ਨੂੰ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਚਿਤਰਨ ਦੀ ਸਮਰੱਥਾ ਵਾਲਾ ਕਾਵਿ-ਰੂਪਾਕਾਰ ਹੈ। ਇਸ ਦੀ ਵਰਤੋਂ ਕਰ ਕੇ ਕਵੀ ਜਨ-ਸਮੂਹ ਨੂੰ ਆਪਣੇ ਨਾਲ ਜੋੜ ਸਕਦੇ ਹਨ।

ਦੋਹੜੇ

# BULLEH SHAH DIYAN KAFIYA WICH VIDROHI CHETNA

1. ਬੁੱਲ੍ਹੇ ਨਾਲੋਂ ਚੁੱਲ੍ਹਾ ਚੰਗਾ, ਜਿਸ ਪਰ ਤਾਅਮ ਪਕਾਈ ਦਾ ।

ਰਲ ਫ਼ਕੀਰਾਂ ਮਜਲਿਸ ਕੀਤੀ, ਭੋਰਾ ਭੋਰਾ ਖਾਈ ਦਾ ।[8]

2.ਬੁੱਲ੍ਹੇ ਸ਼ਾਹ ਚਲ ਓਥੇ ਚਲੀਏ, ਜਿੱਥੇ ਸਾਰੇ ਹੋਵਣ ਅੰਨ੍ਹੇ ।

ਨਾ ਕੋਈ ਸਾਡੀ ਕਦਰ (ਜ਼ਾਤ) ਪਛਾਣੇ, ਨਾ ਕੋਈ ਸਾਨੂੰ ਮੰਨੇ ।[9]

3.ਬੁੱਲ੍ਹੇ ਚਲ ਬਾਵਰਚੀਖਾਨੇ ਯਾਰ ਦੇ, ਜਿੱਥੇ ਕੋਹਾ ਕੋਹੀ ਹੋ ।

ਓਥੇ ਮੋਟੇ ਕੁੱਸਣ ਬੱਕਰੇ, ਤੂੰ ਲਿੱਸਾ ਮਿਲੇ ਨਾ ਢੋ ।[10]

4.ਬੁੱਲ੍ਹੇ ਨੂੰ ਲੋਕ ਮੱਤੀਂ ਦੇਂਦੇ, ਬੁੱਲ੍ਹਿਆ ਤੂੰ ਜਾ ਬਹੁ ਮਸੀਤੀ ।

ਵਿਚ ਮਸੀਤਾਂ ਕੀ ਕੁੱਝ ਹੁੰਦਾ, ਜੋ ਦਿਲੋਂ ਨਮਾਜ਼ ਨਾ ਕੀਤੀ ।[11]

5.ਬਾਹਰੋਂ ਪਾਕ ਕੀਤੇ ਕੀ ਹੁੰਦਾ, ਜੇ ਅੰਦਰੋਂ ਨਾ ਗਈ ਪਲੀਤੀ ।

ਬਿਨ ਮੁਰਸ਼ਦ ਕਾਮਲ ਬੁੱਲ੍ਹਿਆ,ਤੇਰੀ ਐਵੇਂ ਗਈ ਇਬਾਦਤ ਕੀਤੀ।[12]

---

[8] ਅਤਰਜੀਤ ਸਿੰਘ(ਸੰਪਾ.), ਬੁੱਲ੍ਹੇ ਸ਼ਾਹ(ਜੀਵਨ, ਦੋਹੜੇ, ਸੀਹਰਫ਼ੀਆਂ ਤੇ ਕਾਫ਼ੀਆਂ), ਪੰਨਾ-38
[9] ਉਹੀ, ਪੰਨਾ-34
[10] ਉਹੀ, ਪੰਨਾ-35
[11] ਉਹੀ, ਪੰਨਾ-37
[12] ਉਹੀ, ਪੰਨਾ-43

## BULLEH SHAH DIYAN KAFIYA WICH VIDROHI CHETNA

**ਬਾਰਾਂਮਾਹ**

ਬਾਰਾਮਾਹ ਸਾਂਈ ਬੁੱਲ੍ਹੇ ਸ਼ਾਹ ਦੀ ਮਹੱਤਵਪੂਰਨ ਰਚਨਾ ਹੈ। ਇਸ ਵਿੱਚ 12 ਮਹੀਨਿਆਂ ਦਾ ਜ਼ਿਕਰ ਕੀਤਾ ਗਿਆ ਹੈ। ਸਾਂਈ ਬੁੱਲ੍ਹੇ ਸ਼ਾਹ ਜੀ ਦੇ ਅਨੁਸਾਰ-

ਹਰ-ਹਰ ਦੇ ਵਿੱਚ ਆਪ ਸਮਾਇਆ,

ਸ਼ਾਹ ਇਨਾਇਤ ਆਪ ਲਿਖਾਇਆ,

ਤਾਂ ਮੈਂ ਲਿਖਿਆ।

ਬਾਰਾਂਮਾਹ

1. ਅੱਸੂ
2. ਕੱਤਕ
3. ਮੱਘਰ
4. ਪੋਹ
5. ਮਾਘ
6. ਫ਼ੱਗਣ
7. ਚੇਤ

8. ਵਿਸਾਖ

9. ਜੇਠ

10. ਹਾੜ੍ਹ

11. ਸਾਵਣ

12. ਭਾਦੋਂ[13]

## ਅਠਵਾਰਾ

ਬੁੱਲ੍ਹੇ ਸ਼ਾਹ ਦੀਆਂ ਰਚਨਾਵਾਂ ਵਿਚੋਂ ਅਠਵਾਰਾ ਇੱਕ ਅਹਿਮ ਰਚਨਾ ਹੈ ਜੋ ਇੱਕ ਹਫ਼ਤੇ ਦੇ ਦਿਨਾਂ ਨੂੰ ਲੈ ਕੇ ਬਣਾਈ ਗਈ ਹੈ। ਜੋ ਕਿ ਹੇਠ ਲਿਖੇ ਅਨੁਸਾਰ ਹੈ।

1. ਛਨਿੱਛਰ ਵਾਰ

ਦੋਹਰਾ: ਛਨਿੱਛਰ ਵਾਰ ਉਤਾਵਲੇ ਵੇਖ ਸੱਜਣ ਦੀ ਸੋ।

ਅਸਾਂ ਮੁੜ ਘਰ ਫੇਰ ਨਾ ਆਵਣਾ ਜੋ ਹੋਣੀ ਹੋਗ ਸੋ ਹੋ।

ਵਾਹ ਵਾਹ ਛਨਿੱਛਰ ਵਾਰ ਵਹੇਲੇ, ਦੁੱਖ ਸੱਜਣ ਦੇ ਮੈ ਦਿਲ ਪੇਲੇ।

ਢੂੰਡਾਂ ਔਝੜ ਜੰਗਲ ਬੇਲੇ, ਅੱਧੜੀ ਰੈਨ ਕੁਵੱਲੜੇ ਵੇਲੇ।

ਬਿਰਹੋਂ ਘੇਰੀਆਂ।[14]

[13] ਉਹੀ, ਪੰਨਾ-29-31

2. ਐਤਵਾਰ

ਦੋਹਰਾ: ਐਤਵਾਰ ਸੁਨੇਤ ਹੈ ਜੋ ਜੋ ਕਦਮ ਧਰੇ।

ਉਹ ਵੀ ਆਸ਼ਕ ਨਾ ਕਹੋ ਸਿਰ ਦੇਂਦਾ ਉਜ਼ਰ ਕਰੇ।

ਐਤ ਐਤਵਾਰ ਭਾਇਤ, ਵਿੱਚੋਂ ਜਾਏ ਹਿਜ਼ਰ ਦੀ ਸਾਹਿਤ।

ਮੇਰੇ ਦੁੱਖ ਦੀ ਸੁਣੇ ਹਕਾਇਤ, ਆ ਅਨਾਇਤ ਕਰੇ ਹਦਾਇਤ,

ਤਾਂ ਮੈ ਤੇਰੀਆਂ।[15]

3. ਸੋਮਵਾਰ

ਦੋਹਰਾ: ਬੁੱਲ੍ਹਾ ਰੋਜ਼ ਸੋਮਵਾਰ ਦੇ ਕਿਆ ਚਲ ਚਲ ਕਰੇ ਪੁਕਾਰ।

ਅੱਗੇ ਲੱਖ ਕਰੋੜ ਸਹੇਲੀਆ ਮੈਂ ਕਿਸ ਦੀ ਪਾਣੀਹਾਰ।

ਮੈਂ ਦੁਖਿਆਂਰੀ ਦੁੱਖ ਸਵਾਰ, ਰੋਣਾ ਅੱਖੀਆਂ ਦਾ ਰੁਜ਼ਗਾਰ,

ਮੇਰੀ ਖਬਰ ਨਾ ਲੈਂਦਾ ਯਾਰ, ਹੁਣ ਮੈਂ ਜਾਤਾ ਮੁਰਦੇ ਮਾਰ,

ਮੋਇਆਂ ਨੂੰ ਮਾਰਦਾ।[16]

4. ਮੰਗਲਵਾਰ

---

[14] ਉਹੀ, ਪੰਨਾ-19
[15] ਉਹੀ,
[16] ਉਹੀ,

ਦੋਹਰਾ: ਮੰਗਲ ਮੈਂ ਗਲ ਪਾਣੀ ਆ ਗਿਆ ਲਬਾ ਤੇ ਆਵਣ ਹਾਰ। ਮੈਂ ਘੁੰਮਣ ਘੇਰਾਂ ਉਹ ਵੇਖੇ ਖਲਾ ਕਿਨਾਰ।[17]

5. ਬੁੱਧਵਾਰ

ਦੋਹਰਾ: ਬੁੱਧ ਸੁੱਧ ਰਹੀ ਮਹਿਬੂਬ ਦੀ ਸੁੱਧ ਆਪਣੀ ਰਹੀ ਨਾ ਹੋਰ।

ਮੈਂ ਬਲਿਹਾਰੀ ਓਸ ਦੇ ਜੋ ਖਿੱਚਦਾ ਮੇਰੀ ਡੋਰ।

ਬੁੱਧ ਸੁੱਧ ਆ ਗਿਆ ਬੁੱਧਵਾਰ, ਮੇਰੀ ਖਬਰ ਨਾ ਲੈ ਦਿਲਦਾਰ।

ਸੁੱਖ ਦੁੱਖਾ ਤੋਂ ਘੱਤਾਂ ਵਾਰ, ਦੁੱਖਾਂ ਆਣ ਮਿਲਾਇਆਂ ਯਾਰ,

ਪਿਆਰੇ ਤਾਰੀਆਂ।[18]

6. ਜੁਮੇਰਾਤ

ਦੋਹਰਾ: ਜੁਮੇਰਾਤ ਸੁਹਾਵਣੀ ਦੁੱਖ ਦਰਦ ਨਾ ਆਹਾ ਪਾਪ।

ਉਹ ਜਾਮਾ ਸਾਡਾ ਪਹਿਨ ਕੇ ਆਇਆ ਤਮਾਸ਼ੇ ਆਪ।

ਅੱਗੋ ਆ ਗਈ ਜੁਮੇਰਾਤ, ਸ਼ਰਾਬੋਂ ਗਾਗਰ ਮਿਲੀ ਬਾਰਾਤ,

ਲ਼ੱਗ ਗਿਆ ਮਸਤ ਪਿਆਲਾ ਹਾਥ, ਮੈਨੂੰ ਭੁੱਲ ਗਈ ਜਾਤ ਸ਼ਫ਼ਾਤ,

ਦੀਵਾਨੀ ਹੋ ਰਹੀ।[19]

[17] ਉਹੀ, ਪੰਨਾ-20
[18] ਉਹੀ, ਪੰਨਾ-20

7. ਜੁਮ੍ਹਾ

ਦੋਹਰਾ: ਰੋਜ਼ ਜੁਮ੍ਹੇ ਦੇ ਬਖ਼ਸ਼ੀਆਂ ਮੈਂ ਜਿਹੀਆਂ ਅਉਗਣਹਾਰ।

ਫਿਰ ਉਹ ਕਿਉਂ ਨਾ ਬਖ਼ਸ਼ਸ਼ੀ ਜਿਹੜੀ ਪੰਜ ਮੁਕੀਮ ਗੁਜ਼ਾਰ।

ਜੁਮ੍ਹੇ ਦੇ ਹੋਰੋ ਹੋਰ ਬਹਾਰ, ਹੁਣ ਮੈਂ ਜਾਤਾ ਸਹੀ ਸਤਾਰ,

ਬੀਬੀ ਬਾਂਦੀ ਬੇੜਾ ਪਾਰ, ਸਿਰ ਤੇ ਕਦਮ ਧਰੇਂਦਾ ਯਾਰ,

ਸੁਹਾਗਣ ਹੋ ਰਹੀ।[20]

ਇਸ ਤਰ੍ਹਾਂ ਸਾਂਈ ਬੁੱਲ੍ਹੇ ਸ਼ਾਹ ਜੀ ਦੁਆਰਾ ਰਚਿਤ ਰਚਨਾਵਾਂ ਨੇ ਉਸਨੂੰ ਨੂੰ ਬਹੁਤ ਪ੍ਰਸਿੱਧਤਾ ਦਿਵਾਈ ਪਰ ਉਨ੍ਹਾਂ ਦੀਆਂ ਕਾਫ਼ੀਆਂ ਇੰਨੀਆਂ ਜਿਆਦੀਆਂ ਪ੍ਰਚਲਿਤ ਹੋਈਆਂ ਕਿ ਬਾਕੀ ਕਿਸੇ ਰਚਨਾ ਨੂੰ ਅੱਜ ਤੱਕ ਉਹ ਥਾਂ ਨਹੀਂ ਮਿਲ ਸਕਿਆ ਜੋ ਕਾਫ਼ੀਆ ਨੂੰ ਮਿਲਿਆ।ਧਾਰਮਿਕ ਗ੍ਰੰਥ ਕੁਰਾਨ ਦੇ ਚਿੰਨ੍ਹ ਰਾਹੀਂ ਉਹ ਲੋਕਾਂ ਦੀ ਧਾਰਮਿਕ ਬਿਰਤੀ ਦਾ ਯਥਾਰਥ ਮਈ ਰੂਪ ਪੇਸ਼ ਕਰਦਾ ਹੈ ।ਬੁੱਲ੍ਹੇ ਅਨੁਸਾਰ ਖ਼ੁਦਾ ਧਾਰਮਿਕ ਪੁਸਤਕਾਂ ਦੇ ਪਾਠਾਂਤਰ ਅੰਦਰ ਨਹੀਂ ,ਸਗੋਂ ਉਨ੍ਹਾਂ ਪੁਸਤਕਾਂ 'ਚ' ਪੇਸ਼ ਸਿਧਾਂਤਾਂ ਤੇ ਨੇਮਾਂ ਨੂੰ ਮਨ ਅੰਦਰ ਵਸਾਉਣ ਤੇ ਉਨ੍ਹਾਂ ਰਹਿਬਰਾਂ ਅੰਦਰ ਸੱਚੀ ਭਗਤੀ ਤੇ ਲਗਨ ਕਾਰਨ ਦੂਸਰਿਆਂ ਅੰਦਰ ਚੰਗੇ ਗੁਣ ਪੈਦਾ ਕਰਨ ਵਿੱਚ ਹੈ।ਇਸ ਲਈ ਬੁੱਲ੍ਹੇ ਸ਼ਾਹ ਉਸ ਮੁਰਸ਼ਦ ਦੀ ਗੱਲ ਕਰਦਾ ਹੈ,ਜਿਹੜਾ ਮਨੁੱਖ ਨੂੰ ਸੱਚੇ ਮਾਰਗ ਤੇ ਚੱਲਣ ਦਾ ਇਲਮ ਦੇਵੇ ਤੇ ਉਸ ਸਰਵਵਿਆਪੀ ਰੱਬ ਦੀ ਇਕਰੂਪਤਾ ਬਾਰੇ ਮਨੁੱਖ ਅੰਦਰ ਆਪਣੀ ਸੋਝੀ ਪੈਦਾ ਕਰ ਸਕੇ।ਤਾਂ ਜੋ ਉਹ ਇਹਨਾਂ ਮਸੀਤਾਂ,ਮੰਦਰਾਂ,ਤੀਰਥਾਂ ਤੇ ਕਿਤਾਬਾਂ ਆਦਿ ਦੇ ਬਾਹਰੀ ਘੇਰੇ ਤੋਂ ਬਾਹਰ ਨਿਕਲ ਕੇ ਉਸ ਸੱਚੇ ਮੁਰਸ਼ਦ ਦੀ ਭਾਲ਼ ਕਰੇ।ਜਿਹੜਾ ਉਸ ਨੂੰ ਇਹਨਾਂ ਝੂਠੇ ਭਰਮਾਂ ਚੋਂ ਬਾਹਰ ਕੱਢ ਕੇ ਸੱਚੇ ਰੱਬ ਨੂੰ ਪਾਉਣ ਦਾ ਮਾਰਗ ਦੱਸੇ।ਕੁਰਾਨ ਮੂਲ ਰੂਪ ਵਿੱਚ ਇਸਲਾਮੀ

[19] ਉਹੀ,
[20] ਉਹੀ, ਪੰਨਾ-21

ਧਾਰਮਿਕ,ਸਮਾਜਿਕ,ਰਾਜਨੀਤਕ,ਆਰਥਿਕ ਭਾਈਚਾਰਕ ਵਿਧੀ ਵਿਧਾਨ ਦਾ ਪ੍ਰਮੁੱਖ ਸ੍ਰੋਤ ਹੈ।ਮੁਸਲਮਾਨਾਂ ਲਈ ਇਹ ਇੱਕ ਅਤਿਅੰਤ ਉੱਤਮ ਪ੍ਰਮਾਣਿਕਤਾ ਦਾ ਦਰਜਾ ਰੱਖਦੀ ਹੈ।'ਕੁਰਾਨ'ਵਿੱਚ ਮਨੁੱਖ ਅਤੇ ਕਾਇਨਾਤ ਦੇ ਆਪਸੀ ਸੰਬੰਧਾਂ ਦਾ ਜੋ ਲੇਖਾ-ਜੋਖਾ ਉਪਲਬਧ ਹੈ ਅਤੇ ਜੋ ਸਦਾਚਾਰਕ ਸਿੱਖਿਆਵਾਂ ਇਸ ਵਿੱਚ ਦਰਜ ਹਨ।ਸੂਫ਼ੀ ਕਵੀ ਉਨ੍ਹਾਂ ਨੂੰ ਆਪਣੇ ਅਨੁਭਵ ਰਾਹੀਂ ਪ੍ਰਗਟ ਕਰਨ ਦਾ ਯਤਨ ਕਰਦੇ ਹਨ:

ਬਣ ਹਾਫ਼ਜ਼ ਹਿਫ਼ਜ਼ ਕੁਰਾਨ ਕਰੇ,ਪੜ੍ਹ-ਪੜ੍ਹ ਕੇ ਸਾਫ਼ ਜ਼ੁਬਾਨ ਕਰੇ,

ਫਿਰ ਨਿਆਮਤ ਵਿੱਚ ਧਿਆਨ ਕਰੇ, ਮਰ ਫਿਰਦਾ ਜਿਉਂ ਹਲਕਾਰਾ ਏ,

ਇੱਕ ਅਲਫ਼ ਪੜੇ ਛੁਟਕਾਰਾ ਏ।[21] (ਕਾਫ਼ੀ 11)

ਮੁਸਲਮਾਨਾਂ ਵਿੱਚ ਜਿਸ ਵਿਅਕਤੀ ਨੇ ਪੂਰਾ ਕੁਰਾਨ ਸ਼ਰੀਫ਼ ਜ਼ੁਬਾਨੀ ਯਾਦ ਕੀਤਾ ਹੋਵੇ ਉਸ ਦਾ ਬੜਾ ਆਦਰ ਕਰਦੇ ਹਨ। ਇਸੇ ਲਈ ਬੁੱਲ੍ਹਾ ਇੱਥੇ ਹਾਫ਼ਿਜ਼ ਦੇ ਚਿੰਨ੍ਹ ਰਾਹੀਂ ਨਿਆਮਤ ਧਿਆਨ ਰੱਖਣ ਦੇ ਵਿਰੋਧ ਚੋ ਹੀ ਹਾਫ਼ਿਜ਼ ਦੀ ਅਸਲ ਭੂਮਿਕਾ ਬੰਨ੍ਹਦਾ ਹੈ।

[21] ਡਾ. ਨਰਿੰਦਰ ਨਵਰੂਪ, ਕਲਾਮ ਬੁੱਲ੍ਹੇ ਸ਼ਾਹ, ਪੰਨਾ-118

# BULLEH SHAH DIYAN KAFIYA WICH VIDROHI CHETNA

## ਅਧਿਆਇ ਪੰਜਵਾ

## ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚ ਵਿਦਰੋਹੀ ਚੇਤਨਾ

ਵਿਦਰੋਹੀ ਚੇਤਨਾ ਕੀ ਹੈ ?

ਇਸਲਾਮ ਧਰਮ ਤੋਂ ਨਿਕਲੀ ਸੂਫ਼ੀ ਸ਼ਾਖਾ ਆਪਣੇ ਆਪ ਵਿੱਚ ਕੋਈ ਸਿਧਾਂਤਕ ਧਰਮ ਨਹੀਂ ਹੈ ਬਲਕਿ ਇਹ ਇੱਕ ਵਿਚਾਰਧਾਰਾ ਹੈ। ਕਿਸੇ ਵੀ ਧਰਮ ਦਾ ਮਨੁੱਖ ਜਦੋਂ ਇਸ ਵਿਚਾਰਧਾਰਾ ਨੂੰ ਅਪਣਾ ਲੈਂਦਾ ਹੈ ਤਾਂ ਉਹ ਸੂਫ਼ੀ ਹੋ ਜਾਂਦਾ ਹੈ । ਜਦੋ ਮਨੁੱਖ ਸੂਫ਼ੀ ਹੋ ਜਾਂਦਾ ਹੈ ਤਾਂ ਉਹ ਧਰਮ ਦੇ ਨਾ ਤੇ ਹੁੰਦੇ ਬਾਹਰੀ ਵਿਖਾਵੇ ਅਤੇ ਫੋਕੇ ਕਰਮ ਕਾਡਾ ਤੋਂ ਪਾਸਾ ਵੱਟ ਲੈਂਦਾ ਹੈ। ਉਹ ਬਾਹਰੀ ਭੇਖ ਅਤੇ ਵਹਿਮਾਂ ਭਰਮਾ ਨੂੰ ਛੱਡ ਕੇ ਪ੍ਰਭੂ ਨਾਲ ਇਸ਼ਕ ਪ੍ਰੇਮ ਤੇ ਉਸ ਦੀ ਇਬਾਦਤ ਕਰਦਾ ਹੈ।

ਸੂਫ਼ੀ ਵਿਚਾਰਧਾਰਾ ਅਸਲ ਵਿੱਚ ਕੀ ਕਹਿੰਦੀ ਹੈ ? ਇਸ ਦੇ ਮੁੱਖ ਸਿਧਾਂਤ ਕੀ ਹਨ? ਅਤੇ ਇਹ ਮਨੁੱਖ ਨੂੰ ਕਿਸ ਦਿਸ਼ਾ ਵੱਲ ਲੈ ਜਾਂਦੀ ਹੈ। ਇਸ ਬਾਰੇ ਗੱਲ ਕਰਦਿਆਂ ਡਾ. ਕੁਲਦੀਪ ਕੌਰ ਆਪਣੇ ਲੇਖ ਵਿੱਚ ਆਖਦੇ ਹਨ

" ਸੂਫ਼ੀ ਵਿਚਾਰਧਾਰਾ ਅਨੁਸਾਰ ਪ੍ਰਾਣੀ ਸਰਬ ਸ਼ਕਤੀਮਾਨ ਪ੍ਰਭੂ ਦਾ ਅੰਸ਼ ਮਾਤਰ ਹੈ, ਅਤੇ ਹਰ ਜੀਵ ਨੂੰ ਮਰਨ ਪਿੱਛੋਂ ਉਸ ਦੇ ਦਰਬਾਰ ਵਿੱਚ ਪੇਸ਼ ਹੋਣਾ ਪੈਣਾ ਹੈ। ਜੀਵ ਆਤਮਾ ਉਸ ਪ੍ਰਭੂ ਤੋਂ ਵਿੱਛੜੀ ਹੋਈ ਹੈ ਅਤੇ ਉਸ ਨੂੰ ਮੁੜ ਮਿਲ ਸਕਣ ਲਈ ਤਰਲੇ ਕਰਦੀ ਹੈ। ਉਸ ਪ੍ਰਭੂ ਦੀ ਪ੍ਰਾਪਤੀ ਦਾ ਸਾਧਨ ਇੱਕ ਹੈ ਜੋ ਜੀਵ ਆਤਮਾ ਉਸ ਪ੍ਰਭੂ ਨੂੰ ਇਸ਼ਕ ਕਰਦੀ ਹੈ ਉਹ ਹਮੇਸ਼ਾ ਪ੍ਰਭੂ ਦੇ ਰੰਗ ਵਿੱਚ ਰੰਗੀ ਰਹਿੰਦੀ ਹੈ।"

ਸੂਫ਼ੀ ਵਿਚਾਰਧਾਰਾ ਨੂੰ ਜੇਕਰ ਧਿਆਨ ਨਾਲ ਵਾਚਿਆ ਜਾਵੇ ਤਾਂ ਇਹ ਗੱਲ ਸਹਿਜੇ ਹੀ ਧਿਆਨ ਗੋਚਰ ਹੁੰਦੀ ਹੈ ਕਿ ਸੂਫ਼ੀ ਅਸਲ ਵਿੱਚ ਇਸਲਾਮ ਦੇ ਵਿਦਰੋਹੀ ਲੋਕ ਹਨ। ਉਹ ਕੱਟੜ ਮੁੱਲਾਂ ਮੁਲਾਣਿਆਂ ਦੀ ਸ਼ਰ੍ਹਾ ਦੀ ਪਾਲਣਾ ਤੋਂ ਪਾਸਾ

ਵੱਟ ਲੈਂਦੇ ਹਨ। ਇਸਲਾਮ ਦੇ ਸਿਧਾਂਤ ਸੂਫ਼ੀ ਸਾਧਕ ਨਹੀਂ ਅਪਣਾਉਂਦੇ ਬਲਕਿ ਉਹ ਹਰ ਹੀਲਾ ਵਰਤ ਕੇ ਪ੍ਰਭੂ ਨੂੰ ਪਾਉਣ ਦੀ ਚੇਸ਼ਟਾ ਕਰਦੇ ਹਨ।

## ਧਾਰਮਿਕ ਪੱਖ ਤੋਂ ਵਿਦਰੋਹੀ ਚੇਤਨਾ।

ਧਰਮ ਮਨੁੱਖੀ ਹੋਂਦ ਨਾਲ ਸੰਬੰਧਿਤ ਹੁੰਦਾ ਹੋਇਆ ਉਸ ਦੇ ਅਨੁਭਵ ਦੇ ਅਨੁਸਾਰ ਜੀਵਤ ਰਿਸ਼ਤੇ ਵਿੱਚ ਬੱਝਾ ਹੁੰਦਾ ਹੈ ਅਤੇ ਧਰਮ ਮਨੁੱਖ ਨੂੰ ਸੱਚ ਤੇ ਪਹਿਰਾ ਦੇਣ ਦੀ ਸਿੱਖਿਆ ਦਿੰਦਾ ਹੈ। ਧਰਮ ਮਨੁੱਖੀ ਜੀਵਨ ਦੀ ਪਰਮਾਰਥ ਦੀ ਜਗਿਆਸਾ ਅਤੇ ਪਰਮ ਚਿੰਤਾ ਨਾਲ ਜੁੜਿਆ ਹੋਇਆ ਹੈ। ਇਸ ਦਾ ਉਦੈ ਮਾਨਵ ਦੀ ਸੀਮਾ ਵੱਧ, ਨਿਤਾਣੀ ਅਤੇ ਸੰਕਟ ਚੀਰ ਦੀ ਹੋਂਦ ਦੇ ਅਹਿਸਾਸ ਵਿਚੋਂ ਹੋਇਆ ਹੈ। ਹਰ ਧਰਮ ਇਸ ਗੱਲ ਉੱਪਰ ਜ਼ੋਰ ਦਿੰਦਾ ਹੈ ਕਿ ਆਤਮ ਨਿਰੰਤਰ ਵਾਸਤੇ ਆਤਮਿਕ ਸ਼ੁੱਧੀ ਕਰਨੀ, ਸਦਾ ਚਾਰਕ ਗੁਣਾ ਨੂੰ ਗ੍ਰਹਿਣ ਕਰਨਾ ਬਹੁਤ ਹੀ ਜ਼ਰੂਰੀ ਹੈ । ਵੇਖਿਆ ਜਾਵੇ ਤਾਂ ਨੈਤਿਕ ਗੁਣ ਮਨੁੱਖ ਨੂੰ ਚੰਗਾ ਇਨਸਾਨ ਬਣਾਉਣ ਵਿੱਚ ਸਹਾਈ ਸਾਬਤ ਹੁੰਦੇ ਹਨ। ਮਨੁੱਖ ਰੂਹਾਨੀਅਤ ਦੀ ਪੱਧਰ ਦੀ ਹੋਂਦ ਤੱਕ ਉਦੋਂ ਪਹੁੰਚ ਸਕਦਾ ਹੈ, ਜਦੋਂ ਉਹ ਆਤਮ ਨਿੰਯਤਰ ਕਰ ਚੁੱਕਾ ਹੋਵੇ , ਇਹ ਨਿਰੰਤਰ ਆਤਮ ਸ਼ੁੱਧਤਾ ਕਰ ਕੇ ਹੀ ਹੋ ਸਕਦਾ ਹੈ।

ਹਰ ਧਰਮ ਦੇ ਧਾਰਮਿਕ ਗ੍ਰੰਥਾਂ ਚ ਜੀਵਨ ਜਿਊਣਾ ਅਤੇ ਸਮਾਜਕ ਰਹਿਣੀ ਬਹਿਣੀ ਅਤੇ ਹੋਰ ਕਈ ਨਿਯਮ ਦੱਸੇ ਗਏ ਹਨ। ਮੁਸਲਮਾਨਾਂ ਦੇ ਧਾਰਮਿਕ ਗ੍ਰੰਥ ਕੁਰਾਨ ਵਿੱਚ ਵੀ ਮੁਸਲਿਮ ਸਮਾਜ ਦੀ ਰਹਿਣੀ ਬਹਿਣੀ ਅਤੇ ਕਈ ਹੋਰ ਨਿਯਮ ਦੱਸੇ ਗਏ ਹਨ। ਡਾ. ਗੁਲਵੰਤ ਸਿੰਘ ਦਾ ਵਿਚਾਰ ਹੈ ਕਿ ਕੁਰਾਨ ਨੇ ਜੋ ਸਿੱਖਿਆ ਦਿੱਤੀ, ਉਸ ਵਿੱਚ ਦ੍ਰਿੜ੍ਹਤਾ ਤੇ ਸੰਤੁਲਨ ਹੈ ਕਿਉਂਕਿ ਕੁਰਾਨ ਵਿੱਚ ਨਾ ਤਾਂ ਅਸੰਭਵ ਆਸ਼ਾਵਾਦ ਦੀ ਪ੍ਰੇਰਨਾ ਨਾ ਹੀ ਨਿਰਾਸ਼ਾਵਾਦ ਤੋਂ ਪ੍ਰਭਾਵਿਤ ਹੋਣ ਦਾ ਸੁਝਾਅ ਹੈ।ਕੁਰਾਨ ਦੀ ਸਿੱਖਿਆ ਦੇ ਅਨੁਸਾਰ ਮਾਨਵ ਪ੍ਰਾਣੀ ਲਈ ਦਰੁਸਤ ਦ੍ਰਿਸ਼ਟੀਕੋਣ ਅਤੇ ਠੀਕ ਕਰਮ ਵਿਹਾਰ ਇਹ ਹੈ ਕਿ ਸਿੱਦਕ ਅਤੇ ਯਕੀਨ ਦੇ ਨਾਲ ਪਾਪ ਤੇ ਦੁਸ਼ਟਤਾ ਉੱਪਰ ਕਾਬੂ ਪਾ ਕੇ ਮਨ ਨੂੰ ਇਕਾਗਰ ਕਰਨ ਦਾ ਯਤਨ ਕਰੇ। ਬੁੱਲ੍ਹਾ ਵੀ ਇਹੀ ਕਹਿਣਾ ਚਾਹੁੰਦਾ ਹੈ ਕਿ ਜਿੰਨੀ ਦੇਰ ਤਕ ਅੰਦਰੂਨੀ ਸਮਝ ਨਹੀਂ ਹੈ, ਆਤਮਾ ਵਿੱਚ

ਪ੍ਰਮਾਤਮਾ ਦਾ ਵਾਸਾ ਨਹੀਂ ਹੈ ਓਨੀ ਦੇਰ ਤੱਕ ਬੇਸ਼ੱਕ ਜਿੰਨੀਆਂ ਮਰਜ਼ੀ ਧਾਰਮਿਕ ਕਿਤਾਬਾਂ, ਗ੍ਰੰਥ ਪੜ੍ਹ-ਪੜ੍ਹ ਢੇਰ ਲਗਾਈ ਜਾਵੋ, ਪੜ੍ਹਨ ਦਾ ਕੋਈ ਫ਼ਾਇਦਾ ਨਹੀਂ ਹੋਣਾ ਕਿਉਂਕਿ ਬੁੱਲ੍ਹਾ ਜਾਣਦਾ ਹੈ ਕਿ ਇਹਨਾਂ ਕਿਤਾਬਾਂ ਨੂੰ ਸਮਝਣ ਸਮਝਾਉਣ ਵਾਲਾ ਹੋਣਾ ਜ਼ਰੂਰੀ ਹੈ। ਕੁਰਾਨ ਚਿੰਨ੍ਹ ਵਰਤ ਕੇ ਉਹ ਦੱਸਦਾ ਹੈ ਕਿ ਇਸ ਵਾਂਗ ਹੀ ਧਾਰਮਿਕ ਗ੍ਰੰਥ ਵਿੱਚ ਸੱਚੇ ਮਨੋ ਰੱਬ ਦੀ ਬੰਦਗੀ ਕਰਨ ਦਾ ਉਪਦੇਸ਼ ਦਿੱਤਾ ਜਾਂਦਾ ਹੈ, ਸੱਚੀ ਬੰਦਗੀ ਹੀ ਮਨੁੱਖ ਨੂੰ ਆਤਮਾ ਨੂੰ ਆਨੰਦਿਤ ਕਰਦੀ ਹੈ।ਇਸ ਆਤਮਿਕ ਸ਼ੁੱਧੀ ਅਤੇ ਪ੍ਰਮਾਤਮਾ ਦੀ ਪ੍ਰਾਪਤੀ ਦਾ ਰਾਹ ਦੱਸਣ ਲਈ ਉਹ ਰਹਿਬਰ ਚਾਹੁੰਦਾ ਹੈ, ਕਿਉਂਕਿ ਖ਼ਾਲੀ ਪੜ੍ਹਨ ਨਾਲ ਮਨ ਦਾ ਹਨੇਰਾ ਦੂਰ ਨਹੀਂ ਹੋ ਸਕਦਾ। ਸੋ ਕੁਰਾਨ ਦੇ ਨਿਯਮਾਂ ਨੂੰ ਅੰਦਰੂਨੀ ਰੂਪ ਵਿੱਚ ਗ੍ਰਹਿਣ ਕਰਨ ਅਤੇ ਉਨ੍ਹਾਂ ਨਿਯਮਾਂ ਨੂੰ ਜੀਵਨ ਜਾਂਚ ਬਣਾਉਣ ਲਈ ਅਤੇ ਸਮਝਣ ਲਈ ਮੁਰਸ਼ਦ ਦੀ ਜ਼ਰੂਰਤ ਉੱਪਰ ਜ਼ੋਰ ਦਿੱਤਾ ਹੈ।

1. ਪੜ੍ਹ-ਪੜ੍ਹ ਇਲਮ ਲਗਾਵੇ ਢੇਰ, ਕੁਰਾਨ ਕਿਤਾਬਾਂ ਚਾਰ ਚੁਫੇਰੇ,

ਗਿਰਦੇ ਚਾਨਣ ਵਿੱਚ ਅਨ੍ਹੇਰ, ਬਾਝ ਰਹਿਬਰ ਖ਼ਬਰ ਨਾਸਰ[22]

2.ਕਿਉਂ ਪੜ੍ਹਨਾ ਏ ਗੱਡ ਕਿਤਾਬਾਂ ਦੀ, ਸਿਰ ਚਾਨਾ ਏ ਪੰਡ ਅਜ਼ਾਬਾ ਦੀ,

ਹੁਣ ਹਇਓ ਸ਼ਕਲ ਜੱਲਾਦਾ ਦੀ, ਅੱਗੇ ਪੈਡਾਂ ਮੁਸ਼ਕਲ ਭਾਰਾ ਏ,

ਇੱਕ ਅਲਫ਼ ਪੜ੍ਹੋ ਛੁਟਕਾਰਾ ਏ।[23]

ਉਪਰੋਕਤ ਕਾਫ਼ੀ ਬੁੱਲ੍ਹੇ ਸ਼ਾਹ ਦੀ ਵਿੱਚ ਦੱਸਿਆ ਗਿਆ ਹੈ ਕਿ ਕਿਤਾਬਾਂ ਨੂੰ ਪੜ੍ਹਨ ਨਾਲ ਕੋਈ ਇੰਨਾ ਵੱਡਾ ਲਾਭ ਨਹੀਂ ਹੋਣਾ ਜਿੰਨਾ ਕਿ ਆਪਣੇ ਮੁਰਸ਼ਦ ਦੀ ਰਜ਼ਾ ਵਿੱਚ ਰਹਿ ਕੇ ਆਉਣਾ ਹੈ।

ਬਣ ਹਾਫ਼ਜ਼ ਹਿਫ਼ਜ਼ ਕੁਰਾਨ ਕਰੇ, ਪੜ੍ਹ-ਪੜ੍ਹ ਕੇ ਸਾਫ਼ ਜ਼ੁਬਾਨ ਕਰੇ

[22] ਉਹੀ, ਪੰਨਾ-117
[23] ਉਹੀ,

ਫਿਰ ਨਿਅਮਤ ਵਿੱਚ ਧਿਆਨ ਕਰੇ , ਮਰ ਫ਼ਿਰਦਾ ਜਿਉਂ ਜਲਕਾਰਾ ਏ

ਇੱਕ ਅਲਫ਼ ਪੜ੍ਹੋ ਛੁਟਕਾਰਾ ਏ ।[24]

ਬੁੱਲ੍ਹੇ ਸ਼ਾਹ ਆਪਣੇ ਕਲਾਮ ਰਾਹੀਂ ਸਪਸ਼ਟ ਰੂਪ ਵਿੱਚ ਰੱਬ ਦੀ ਇਕਰੂਪਤਾ ਤੇ ਉਸ ਨਾਲ ਇਸ਼ਕ ਪਾਉਣ ਦਾ ਸੰਦੇਸ਼ ਦਿੰਦਾ ਹੈ। ਕੋਈ ਵੀ ਧਾਰਮਿਕ ਗ੍ਰੰਥ ਪੜ੍ਹ ਕੇ ਦੇਖ ਲਈਏ ਤਾਂ ਇਹਨਾਂ ਵਿਚੋਂ ਵੀ ਸਾਨੂੰ ਅਜਿਹੇ ਵਿਚਾਰ ਵੇਖਣ ਨੂੰ ਮਿਲਦੇ ਹਨ। ਬੁੱਲ੍ਹੇ ਨੇ ਆਪਣੇ ਭਾਵ ਅਭਿਵਿਅਕਤੀ ਲਈ ਬੇਦ/ਪੋਥੀਆਂ ਨੂੰ ਵੀ ਚਿੰਨ੍ਹ ਰੂਪ ਵਿੱਚ ਵਰਤਿਆ ਹੈ। ਵੇਦ ਹਿੰਦੂ ਧਰਮ ਦੀ ਧਾਰਮਿਕ ਪੁਸਤਕ ਹੈ ਇੱਥੇ ਵੀ ਧਾਰਮਿਕ ਚੇਤਨਾ ਰਾਹੀ ਉਹ ਮਨੁੱਖ ਨੂੰ ਇਸ ਸਚਾਈ ਤੋਂ ਜਾਣੂ ਕਰਾਉਣਾ ਚਾਹੁੰਦਾ ਹੈ ਕਿ ਪ੍ਰਮਾਤਮਾ ਇਹਨਾਂ ਧਾਰਮਿਕ ਪੁਸਤਕ ਅੰਦਰ ਨਹੀਂ ਹੈ ਬਲਕਿ ਮਨੁੱਖ ਦੇ ਹਿਰਦੇ ਅੰਦਰ ਬਿਰਾਜਮਾਨ ਹੈ।

ਨਾ ਮੈਂ ਅੰਦਰ ਵੇਦ ਕਿਤਾਬਾਂ, ਨਾ ਵਿੱਚ ਭੰਗਾਂ ਨਾ ਸ਼ਰਾਬਾਂ

ਨਾ ਵਿਚ ਰਿੰਦਾ ਮਸਤ ਖ਼ਰਾਬਾਂ, ਨਾ ਵਿਚ ਜਾਗਣ ਨਾ ਸੌਣ।[25]

ਬੁੱਲ੍ਹੇ ਸ਼ਾਹ ਜਦੋਂ ਵੇਦ ਦੀ ਗੱਲ ਕਰਦਾ ਹੈ ਤਾਂ ਪਾਠਕ ਨੂੰ ਸਹਿਜੇ ਹੀ ਗਿਆਨ ਹੋ ਜਾਂਦਾ ਹੈ ਕਿ ਉਹ ਵੇਦ ਦਾ ਚਿੰਨ੍ਹ ਕਿਸ ਤਰ੍ਹਾਂ ਦੇ ਵਿਚਾਰ ਪ੍ਰਗਟਾਉਣ ਲਈ ਵਰਤ ਰਿਹਾ ਹੈ। ਜਦੋਂ ਪਾਠਕ ਸਾਹਮਣੇ ਚਿੰਨਕ ਪੱਖ ਸਪੱਸ਼ਟ ਹੁੰਦਾ ਹੈ ਤਾਂ ਉਹ ਵਾਰ-ਵਾਰ ਕਾਫ਼ੀ ਨੂੰ ਵਿਚਾਰਦਾ ਹੈ। ਤਾਂ ਇਸ ਉਪਰੰਤ ਉਸ ਦੀਆਂ ਅੱਖਾਂ ਦੇ ਸਾਹਮਣੇ ਧਾਰਮਿਕ ਪੁਸਤਕਾਂ ਦਾ ਸੰਕਲਪ ਬਿੰਬ ਬਣਦਾ ਹੈ, ਜੋ ਚਿੰਨ੍ਹ, ਚਿੰਨ੍ਹਕ ਤੇ ਚਿੰਨਤ ਪੱਖ ਦੇ ਰੂਪ ਵਿੱਚ ਹੀ ਹੁੰਦਾ ਹੈ। ਪਰ ਬੁੱਲ੍ਹਾ ਇੱਥੇ ਦਿਸਦੇ ਜਿਹੜੇ ਚਿੰਨ੍ਹਤ ਪੱਖ ਦਾ ਵਿਸਥਾਰ ਕਰਨਾ ਚਾਹੁੰਦਾ ਹੈ ਉਹ ਲੋਕਾਂ ਦੇ ਮਨਾ ਵਿੱਚ ਇਹਨਾਂ ਪੁਸਤਕਾਂ ਦੇ

[24] ਉਹੀ, ਪੰਨਾ-118
[25] ਉਹੀ,

ਨਾਮ ਜਾਂ ਰੂਪ ਸ਼ਰਧਾ ਤੋਂ ਉੱਪਰ ਉੱਠ ਕੇ ਇਹਨਾਂ ਪੁਸਤਕਾਂ ਦੀ ਆਪਣੀ ਮਹੱਤਤਾ ਵੱਲ ਪਾਠਕ ਦਾ ਧਿਆਨ ਕੇਂਦਰਿਤ ਕਰਦਾ ਹੈ । ਉਹ ਇਹਨਾਂ ਪੋਥੀਆਂ ਵਿੱਚ ਦਰਸਾਏ ਉਨ੍ਹਾਂ ਖ਼ੁਦਾਈ ਰਹਿਬਰਾਂ ਦੇ ਸੱਚੇ ਸੁੱਚੇ ਮਾਰਗ ਦੇ ਅਸਲੀ ਅਰਥ ਦੀ ਅਭਿਵਿਅਕਤੀ ਕਰਨ ਲਈ ਇਹਨਾਂ ਪੁਸਤਕਾਂ ਜਾਂ ਭਾਗਾਂ ਤੋਂ ਅੱਗੇ ਕਰਮ ਕਰਨ ਦੇ ਸਿਧਾਂਤ ਤੇ ਜ਼ੋਰ ਦਿੰਦਾ ਹੈ।

ਬੇਦ ਪੋਥੀ ਕਿਆ ਦੋਸ਼ ਹੈ, ਉਲਟੇ ਭਾਗ ਹਮਾਰੇ,

ਨੀਂਦ ਗਈ ਕਿਤੇ ਦੇਸ਼ ਨੂੰ, ਉਹ ਭੀ ਵੈਰਨ ਹਮਾਰੇ[26]

ਜੇ ਕੋਈ ਦਿਸਦਾ ਇਹੋ ਪਿਆਰਾ. ਬੁੱਲ੍ਹਾ ਆਪੇ ਵੇਖਣ ਹਾਰਾ

ਆਪੇ ਬੇਦ ਕੁਰਾਨ ਪੁਕਾਰਾ , ਜੋ ਸੁਫ਼ਨੇ ਵਸਤ ਭਲਾਈ ਏ।[27]

ਗੱਲ ਰੌਲੇ ਲੋਕਾਂ ਪਾਈ ਏ ਕਾਫ਼ੀ ਵਿੱਚ ਬੁੱਲ੍ਹਾ ਬੇਦ ਨੂੰ ਚਿੰਨ੍ਹ ਰੂਪ ਵਿੱਚ ਵਰਤਦਾ ਹੋਇਆ ਆਪਣਾ ਪੈਰੋਲ ਪੱਖ ਵੀ ਸਪਸ਼ਟ ਕਰਦਾ ਹੈ। ਉਹ ਆਪਣੇ ਕਲਾਮ ਅੰਦਰ ਸੱਚ ਨੂੰ ਸੱਚ ਕਹਿੰਦਾ ਹੈ ਤੇ ਧਰਮ ਦੇ ਖੇਤਰ ਵਿੱਚ ਵੀ ਉਹ ਭਾਸ਼ਾ ਦੇ ਮਾਧਿਅਮ ਰਾਹੀਂ ਆਪਣੇ ਉਚਰਿਤ ਵਿਚਾਰਾਂ ਵਜੋਂ ਹਰ ਧਰਮ ਵਿਚਲੇ ਧਾਰਮਿਕ ਭੇਖਾਂ ਨੂੰ ਭੰਡਦਾ ਹੈ ਤੇ ਉਨ੍ਹਾਂ ਤੇ ਕਰਾਰੀ ਚੋਟ ਲਗਾਉਂਦਾ ਹੈ। ਉਹ ਮਨੁੱਖ ਨੂੰ ਅਸਲ ਮੰਤਵ ਤੋਂ ਜਾਗ੍ਰਿਤ ਕਰਦਾ ਹੋਇਆ ਆਪਣਾ ਵਿਅਕਤੀਗਤ ਉਚਾਰ ਪਾਠਕਾਂ ਦੇ ਸਾਹਮਣੇ ਰੱਖਦਾ ਹੈ। ਤੇ ਉਨ੍ਹਾਂ ਨੂੰ ਵੀ ਸੁਫ਼ਨ ਮਈ ਅਵਸਥਾ ਵਿੱਚ ਵਿਚਰਨ ਦੀ ਥਾਂ ਪ੍ਰਮਾਤਮਾ ਦੀ ਖੋਜ ਦੀ ਯਥਾਰਥ ਮਈ ਅਵਸਥਾ ਦਾ ਬੋਧ ਕਰਵਾਉਂਦਾ ਹੈ। ਬੁੱਲ੍ਹੇ ਦੀ ਸ਼ਬਦਾਵਲੀ ਦਾ ਇਹ ਕਮਾਲ ਹੈ ਕਿ ਉਹ ਇੱਕ ਪਾਸੇ ਕਰਮ-ਕਾਂਢਾ ਦਾ ਵਿਰੋਧ ਕਰਦਾ ਹੈ ਤੇ ਦੂਜੇ ਪਾਸੇ ਉਸੇ ਹੀ ਸ਼ਬਦਾਵਲੀ ਦੇ ਅਧੀਨ ਉਸ ਵਿਰੋਧ ਚੋਂ ਆਪਣੇ ਪਿਆਰੇ ਨੂੰ ਭਾਲਣ ਦੇ ਰਾਹ ਦਾ ਸੰਕੇਤਮਈ ਵਰਣਨ ਕਰਦਾ ਹੈ।

---

[26] ਉਹੀ, ਪੰਨਾ-119

[27] ਉਹੀ,

# BULLEH SHAH DIYAN KAFIYA WICH VIDROHI CHETNA

ਰੋਜ਼ੇ ਹੱਜ ਨਿਮਾਜ਼ ਨੀ ਮਾਏ,

ਮੈਨੂੰ ਪੀਆ ਆਣ ਭੁਲਾਏ।[28]

ਵਿਚ ਮਸੀਤ ਨਮਾਜ਼ ਗੁਜ਼ਾਰੇ, ਬੁਤ ਖਾਨੇ ਜਾ ਵੜਦਾ,

ਕੋਈ ਪੁੱਛੋ ਖਾ ਦਿਲਬਰ ਕੀ ਕਰਦਾ[29]

ਬੁੱਲ੍ਹੇ ਦੀ ਇਹ ਵਿਲੱਖਣ ਪ੍ਰਾਪਤੀ ਹੈ ਕਿ ਉਸ ਨੇ ਮੁਸਲਿਮ, ਹਿੰਦੂ, ਸਿੱਖ ਧਰਮ ਦੀ ਸਥਿਤੀ ਪਾਠਕ ਦੇ ਸਨਮੁੱਖ ਕੀਤੀ ਹੈ ਇੱਥੇ ਉਹ ਹਰ ਧਰਮ ਵਿੱਚ ਚਿੰਨ੍ਹ ਵਰਤ ਕੇ ਪਾਠਕ ਨੂੰ ਸਹੀ ਸੇਦ ਦੇਣ ਦੀ ਕੋਸ਼ਿਸ਼ ਕਰਦਾ ਹੈ। ਬੁੱਤ ਪੂਜਾ ਨੂੰ ਵੀ ਚਿੰਨ੍ਹਾਤਮਕ ਪੱਧਰ ਤੇ ਲੈਂਦਾ ਹੋਇਆ ਆਪਣੇ ਭਾਵਾਂ ਦੀ ਅਭਿਵਿਅਕਤੀ ਕਰਦਾ ਹੈ ਕਿ ਬਿਨਾਂ ਗਿਆਨ ਦੇ ਕੀਤੀ ਗਈ ਬੁੱਤ ਪੂਜਾ ਦਾ ਲਾਭ ਇੱਕ ਦਿਨ ਲਈ ਵੀ ਨਹੀਂ ਹੁੰਦਾ ਇਸ ਲਈ ਬੁੱਲ੍ਹੇ ਸ਼ਾਹ ਮਨੁੱਖ ਨੂੰ ਸ਼ਰਮਸਾਰ ਹੋਣ ਤੋਂ ਬਚਾਉਣ ਲਈ ਅਸਲ ਪੂਜਾ ਦੀ ਭਾਲ ਕਰਨ ਲਈ ਜਾਗਰੂਕ ਕਰਦਾ ਹੈ। ਬੁੱਤ ਪੂਜਾ ਚਿੰਨ੍ਹ ਨੂੰ ਆਪਣੇ ਵਿਚਾਰਾਂ ਰਾਹੀ ਚਿੰਨਤ ਕਰਨ ਦਾ ਬੁੱਲ੍ਹੇ ਦਾ ਅਸਲ ਮਕਸਦ ਮਨੁੱਖ ਨੂੰ ਸੱਚ ਨਾਲ ਜੋੜਨਾ ਤੇ ਉਨ੍ਹਾਂ ਦੇ ਅੰਦਰ ਸ਼ਬਦ ਨਾਮ ਰੂਪੀ ਬੂਟੇ ਨੂੰ ਉਗਾਉਣਾ ਹੈ ਇਸ ਲਈ ਹੀ ਉਸ ਨੇ ਬਾਹਰ ਮੁਖੀ ਕਰਮ ਕਾਂਢਾ ਤੇ ਚੋਟ ਕਰਦਾ ਹੋਇਆ ਪਾਠਕ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਕੇ ਗਿਆਨਤਾ ਦੇ ਪ੍ਰਕਾਸ਼ ਨਾਲ ਰੌਸ਼ਨ ਕਰਨਾ ਚਾਹੁੰਦਾ ਹੈ।

ਭੁੱਲ ਖੁਦਾ ਨੂੰ ਜਾਣ ਖੁਦਾਈ, ਬੁੱਤਾਂ ਅੱਗੇ ਸੀਸ ਨਿਵਾਈ,

ਜਿਹੜੇ ਘੜਕੇ ਆਪ ਬਣਾਈ, ਸ਼ਰਮ ਰੱਤਾ ਨਾ ਆਈ ਏ।[30]

---

[28] ਉਹੀ, ਪੰਨਾ 121
[29] ਉਹੀ,
[30] ਉਹੀ,

ਬੁੱਲ੍ਹੇ ਅਨੁਸਾਰ ਖ਼ੁਦਾ ਦੀ ਖ਼ੁਦਾਈ ਤੋ ਅਣਜਾਣ ਪੁਣੇ ਵਿੱਚ ਮਨੁੱਖ ਆਪੇ ਹੀ ਬੁੱਤ ਘੜਦਾ ਹੈ ਤੇ ਫਿਰ ਉਨ੍ਹਾਂ ਨੂੰ ਪੂਜਦਾ ਹੋਇਆ ਪ੍ਰਮਾਤਮਾ ਨੂੰ ਖੋਜਣ ਵਿੱਚ ਜੁੱਟ ਜਾਂਦਾ ਹੈ।ਧਾਰਮਿਕ ਗ੍ਰੰਥ ਕੁਰਾਨ ਦੇ ਚਿੰਨ੍ਹ ਰਾਹੀਂ ਉਹ ਲੋਕਾਂ ਦੀ ਧਾਰਮਿਕ ਬਿਰਤੀ ਦਾ ਯਥਾਰਥ ਮਈ ਰੂਪ ਪੇਸ਼ ਕਰਦਾ ਹੈ ।ਬੁੱਲ੍ਹੇ ਅਨੁਸਾਰ ਖ਼ੁਦਾ ਧਾਰਮਿਕ ਪੁਸਤਕਾਂ ਦੇ ਪਾਠਾਂਤਰ ਅੰਦਰ ਨਹੀਂ ,ਸਗੋਂ ਉਨ੍ਹਾਂ ਪੁਸਤਕਾਂ 'ਚ' ਪੇਸ਼ ਸਿਧਾਂਤਾਂ ਤੇ ਨੇਮਾਂ ਨੂੰ ਮਨ ਅੰਦਰ ਵਸਾਉਣ ਤੇ ਉਨ੍ਹਾਂ ਰਹਿਬਰਾਂ ਅੰਦਰ ਸੱਚੀ ਭਗਤੀ ਤੇ ਲਗਨ ਕਾਰਨ ਦੂਸਰਿਆਂ ਅੰਦਰ ਚੰਗੇ ਗੁਣ ਪੈਦਾ ਕਰਨ ਵਿੱਚ ਹੈ।ਇਸ ਲਈ ਬੁੱਲ੍ਹੇ ਸ਼ਾਹ ਉਸ ਮੁਰਸ਼ਦ ਦੀ ਗੱਲ ਕਰਦਾ ਹੈ,ਜਿਹੜਾ ਮਨੁੱਖ ਨੂੰ ਸੱਚੇ ਮਾਰਗ ਤੇ ਚੱਲਣ ਦਾ ਇਲਮ ਦੇਵੇ ਤੇ ਉਸ ਸਰਵਵਿਆਪੀ ਰੱਬ ਦੀ ਇਕਰੂਪਤਾ ਬਾਰੇ ਮਨੁੱਖ ਅੰਦਰ ਆਪਣੀ ਸੋਝੀ ਪੈਦਾ ਕਰ ਸਕੇ।ਤਾਂ ਜੋ ਉਹ ਇਹਨਾਂ ਮਸੀਤਾਂ,ਮੰਦਰਾਂ,ਤੀਰਥਾਂ ਤੇ ਕਿਤਾਬਾਂ ਆਦਿ ਦੇ ਬਾਹਰੀ ਘੇਰੇ ਤੋਂ ਬਾਹਰ ਨਿਕਲ ਕੇ ਉਸ ਸੱਚੇ ਮੁਰਸ਼ਦ ਦੀ ਭਾਲ਼ ਕਰੇ।ਜਿਹੜਾ ਉਸ ਨੂੰ ਇਹਨਾਂ ਝੂਠੇ ਭਰਮਾਂ ਚੋਂ ਬਾਹਰ ਕੱਢ ਕੇ ਸੱਚੇ ਰੱਬ ਨੂੰ ਪਾਉਣ ਦਾ ਮਾਰਗ ਦੱਸੇ ਕੁਰਾਨ ਮੂਲ ਰੂਪ ਵਿੱਚ ਇਸਲਾਮੀ ਧਾਰਮਿਕ,ਸਮਾਜਿਕ,ਰਾਜਨੀਤਕ,ਆਰਥਿਕ ਭਾਈਚਾਰਕ ਵਿਧੀ ਵਿਧਾਨ ਦਾ ਪ੍ਰਮੁੱਖ ਸ੍ਰੋਤ ਹੈ।ਮੁਸਲਮਾਨਾਂ ਲਈ ਇਹ ਇੱਕ ਅਤਿਅੰਤ ਉੱਤਮ ਪ੍ਰਮਾਣਿਕਤਾ ਦਾ ਦਰਜਾ ਰੱਖਦੀ ਹੈ।'ਕੁਰਾਨ'ਵਿੱਚ ਮਨੁੱਖ ਅਤੇ ਕਾਇਨਾਤ ਦੇ ਆਪਸੀ ਸੰਬੰਧਾਂ ਦਾ ਜੋ ਲੇਖਾ-ਜੋਖਾ ਉਪਲਬਧ ਹੈ ਅਤੇ ਜੋ ਸਦਾਚਾਰਕ ਸਿੱਖਿਆਵਾਂ ਇਸ ਵਿੱਚ ਦਰਜ ਹਨ।ਸੂਫ਼ੀ ਕਵੀ ਉਨ੍ਹਾਂ ਨੂੰ ਆਪਣੇ ਅਨੁਭਵ ਰਾਹੀਂ ਪ੍ਰਗਟ ਕਰਨ ਦਾ ਯਤਨ ਕਰਦੇ ਹਨ:

ਬਣ ਹਾਫ਼ਜ ਹਿਫ਼ਜ ਕੁਰਾਨ ਕਰੇ,ਪੜ੍ਹ-ਪੜ੍ਹ ਕੇ ਸਾਫ਼ ਜ਼ੁਬਾਨ ਕਰੇ,

ਫਿਰ ਨਿਅਮਤ ਵਿੱਚ ਧਿਆਨ ਕਰੇ, ਮਰ ਫਿਰਦਾ ਜਿਉਂ ਹਲਕਾਰਾ ਏ,

ਇੱਕ ਅਲਫ਼ ਪੜੇ ਛੁਟਕਾਰਾ ਏ।[31]

[31] ਉਹੀ, ਪੰਨਾ-118

ਮੁਸਲਮਾਨਾਂ ਵਿੱਚ ਜਿਸ ਵਿਅਕਤੀ ਨੇ ਪੂਰਾ ਕੁਰਾਨ ਸ਼ਰੀਫ਼ ਜ਼ੁਬਾਨੀ ਯਾਦ ਕੀਤਾ ਹੋਵੇ ਉਸ ਦਾ ਬੜਾ ਆਦਰ ਕਰਦੇ ਹਨ। ਇਸੇ ਲਈ ਬੁੱਲ੍ਹਾ ਇੱਥੇ ਹਾਫ਼ਿਜ਼ ਦੇ ਚਿੰਨ੍ਹ ਰਾਹੀ ਨਿਆਮਤ ਧਿਆਨ ਰੱਖਣ ਦੇ ਵਿਰੋਧ ਚੋ ਹੀ ਹਾਫ਼ਿਜ਼ ਦੀ ਅਸਲ ਭੂਮਿਕਾ ਬੰਨ੍ਹਦਾ ਹੈ।

ਬੁੱਲ੍ਹੇ ਸ਼ਾਹ ਆਪਣੇ ਕਲਾਮ ਰਾਹੀ ਸਪਸ਼ਟ ਰੂਪ ਵਿੱਚ ਰੱਬ ਦੀ ਇਕਰੂਪਤਾ ਤੇ ਉਸ ਨਾਲ ਇਸ਼ਕ ਪਾਉਣ ਦਾ ਸੰਦੇਸ਼ ਦਿੰਦਾ ਹੈ। ਕੋਈ ਵੀ ਧਾਰਮਿਕ ਗ੍ਰੰਥ ਪੜ੍ਹ ਕੇ ਦੇਖ ਲਈਏ ਤਾਂ ਇਹਨਾਂ ਵਿਚੋਂ ਵੀ ਸਾਨੂੰ ਅਜਿਹੇ ਵਿਚਾਰ ਵੇਖਣ ਨੂੰ ਮਿਲਦੇ ਹਨ। ਬੁੱਲ੍ਹੇ ਨੇ ਆਪਣੇ ਭਾਵ ਅਭਿਵਿਅਕਤੀ ਲਈ ਬੇਦ/ਪੋਥੀਆਂ ਨੂੰ ਵੀ ਚਿੰਨ੍ਹ ਰੂਪ ਵਿੱਚ ਵਰਤਿਆ ਹੈ। ਵੇਦ ਹਿੰਦੂ ਧਰਮ ਦੀ ਧਾਰਮਿਕ ਪੁਸਤਕ ਹੈ ਇੱਥੇ ਵੀ ਧਾਰਮਿਕ ਚੇਤਨਾ ਰਾਹੀਂ ਉਹ ਮਨੁੱਖ ਨੂੰ ਇਸ ਸਚਾਈ ਤੋਂ ਜਾਣੂ ਕਰਾਉਣਾ ਚਾਹੁੰਦਾ ਹੈ ਕਿ ਪ੍ਰਮਾਤਮਾ ਇਹਨਾਂ ਧਾਰਮਿਕ ਪੁਸਤਕਾਂ ਅੰਦਰ ਨਹੀਂ ਹੈ ਬਲਕਿ ਮਨੁੱਖ ਦੇ ਹਿਰਦੇ ਅੰਦਰ ਬਿਰਾਜਮਾਨ ਹੈ।

ਨਾ ਮੈਂ ਅੰਦਰ ਵੇਦ ਕਿਤਾਬਾਂ, ਨਾ ਵਿੱਚ ਭੰਗਾਂ ਨਾ ਸ਼ਰਾਬਾਂ

ਨਾ ਵਿਚ ਰਿੰਦਾ ਮਸਤ ਖ਼ਰਾਬਾਂ, ਨਾ ਵਿਚ ਜਾਗਣ ਨਾ ਸੌਣ।[32]

ਬੁੱਲ੍ਹੇ ਸ਼ਾਹ ਜਦੋਂ ਵੇਦ ਦੀ ਗੱਲ ਕਰਦਾ ਹੈ ਤਾਂ ਪਾਠਕ ਨੂੰ ਸਹਿਜੇ ਹੀ ਗਿਆਨ ਹੋ ਜਾਂਦਾ ਹੈ ਕਿ ਉਹ ਵੇਦ ਦਾ ਚਿੰਨ੍ਹ ਕਿਸ ਤਰ੍ਹਾਂ ਦੇ ਵਿਚਾਰ ਪ੍ਰਗਟਾਉਣ ਲਈ ਵਰਤ ਰਿਹਾ ਹੈ। ਜਦੋਂ ਪਾਠਕ ਸਾਹਮਣੇ ਚਿੰਨਕ ਪੱਖ ਸਪਸ਼ਟ ਹੁੰਦਾ ਹੈ ਤਾਂ ਉਹ ਵਾਰ-ਵਾਰ ਕਾਫ਼ੀ ਨੂੰ ਵਿਚਾਰਦਾ ਹੈ। ਤਾਂ ਇਸ ਉਪਰੰਤ ਉਸ ਦੀਆਂ ਅੱਖਾਂ ਦੇ ਸਾਹਮਣੇ ਧਾਰਮਿਕ ਪੁਸਤਕਾਂ ਦਾ ਸੰਕਲਪ ਬਿੰਬ ਬਣਦਾ ਹੈ, ਜੋ ਚਿੰਨ੍ਹ, ਚਿੰਨ੍ਹ ਤੇ ਚਿੰਤਨ ਪੱਖ ਦੇ ਰੂਪ ਵਿੱਚ ਹੀ ਹੁੰਦਾ ਹੈ। ਪਰ ਬੁੱਲ੍ਹਾ ਇੱਥੇ ਦਿਸਦੇ ਜਿਹੜੇ ਚਿੰਨ੍ਹਤ ਪੱਖ ਦਾ ਵਿਸਥਾਰ ਕਰਨਾ ਚਾਹੁੰਦਾ ਹੈ ਉਹ ਲੋਕਾਂ ਦੇ ਮਨਾਂ ਵਿੱਚ ਇਹਨਾਂ ਪੁਸਤਕਾਂ ਦੇ ਨਾਮ ਜਾਂ ਰੂਪ ਸ਼ਰਧਾ ਤੋਂ ਉੱਪਰ ਉੱਠ ਕੇ ਇਹਨਾਂ ਪੁਸਤਕਾਂ ਦੀ ਆਪਣੀ ਮਹੱਤਤਾ ਵੱਲ ਪਾਠਕ ਦਾ ਧਿਆਨ

[32] ਉਹੀ,

ਕੇਂਦਰਿਤ ਕਰਦਾ ਹੈ । ਉਹ ਇਹਨਾਂ ਪੋਥੀਆਂ ਵਿੱਚ ਦਰਸਾਏ ਉਨ੍ਹਾਂ ਖ਼ੁਦਾਈ ਰਹਿਬਰਾਂ ਦੇ ਸੱਚੇ ਸੁੱਚੇ ਮਾਰਗ ਦੇ ਅਸਲੀ ਅਰਥ ਦੀ ਅਭਿਵਿਅਕਤੀ ਕਰਨ ਲਈ ਇਹਨਾਂ ਪੁਸਤਕਾਂ ਜਾਂ ਭਾਗਾਂ ਤੋਂ ਅੱਗੇ ਅਮਲ ਕਰਨ ਦੇ ਸਿਧਾਂਤ ਤੇ ਜ਼ੋਰ ਦਿੰਦਾ ਹੈ।

ਬੇਦ ਪੋਥੀ ਕਿਆ ਦੋਸ਼ ਹੈ, ਉਲਟੇ ਭਾਗ ਹਮਾਰੇ,

ਨੀਂਦ ਗਈ ਕਿਤੇ ਦੇਸ਼ ਨੂੰ, ਉਹ ਭੀ ਵੈਰਨ ਹਮਾਰੇ[33]

ਵੇਖੋ ਤੁਲਸੀ ਮਾਤ ਬਣਾਈ, ਸਾਲਗ ਰਾਮੀ ਸੰਗ ਪਰਨਾਈ,

ਹੱਸ ਹੱਸ ਡੋਲੀ ਚੜ੍ਹਾਈ, ਸਾਲਾ ਸਹੁਰਾ ਬਣੇ ਜਵਾਈ।[34]

ਤਾਵੀਜ਼ ਨੂੰ ਚਿੰਨ੍ਹ ਰਾਹੀਂ ਬੁੱਲ੍ਹਾ ਧਰਮ ਦੀ ਆੜ ਹੇਠ ਹੋ ਰਹੇ ਕੁਕਰਮਾਂ ਦੀ ਤਸਵੀਰਕਸ਼ੀ ਕਰਦਾ ਹੈ। ਇੱਥੇ ਉਹ ਧਾਰਮਿਕ ਪ੍ਰਚਾਰਕਾਂ ਤੋਂ ਨਿਰਾਸ਼ ਨਜ਼ਰ ਆਉਂਦਾ ਹੈ, ਕਿਉਂਕਿ ਉਹ ਚਿੰਤਤ ਹੈ ਕਿ ਉਸ ਦੇ ਸਮਕਾਲੀ ਮਾਰਗ ਦਰਸ਼ਕ ਹੀ ਖ਼ੁਦ ਲੋਕਾਂ ਨੂੰ ਗੁਮਰਾਹ ਕਰ ਕੇ ਭਟਕਣਾ ਵਿੱਚ ਪਾ ਰਹੇ ਸਨ, ਅਤੇ ਉਨ੍ਹਾਂ ਨੂੰ ਚੰਗੇ ਨਾ ਹੋਣ ਦਾ ਅਹਿਸਾਸ ਕੋਈ ਕਰਾਉਣ ਦੀ ਹਿੰਮਤ ਨਹੀਂ ਰੱਖਦਾ ਸੀ। ਤਾਵੀਜ਼ ਚਿੰਨ੍ਹ ਰਾਹੀਂ ਬੁੱਲ੍ਹਾ ਲੋਕਾਂ ਨਾਲ ਹੋ ਰਹੀ ਸ਼ੋਸ਼ਣ ਬਾਜ਼ੀ ਨੂੰ ਪੇਸ਼ ਕਰਦਾ ਹੈ।

ਭੁੱਲ ਖੁਦਾ ਨੂੰ ਜਾਣ ਖੁਦਾਈ, ਬੁੱਤਾਂ ਅੱਗੇ ਸੀਸ ਨਿਵਾਈ,

ਜਿਹੜੇ ਘੜਕੇ ਆਪ ਬਣਾਈ, ਸ਼ਰਮ ਰੱਤਾ ਨਾ ਆਈ ਏ।[35]

---

[33] ਉਹੀ, ਪੰਨਾ-119

[34] ਉਹੀ, ਪੰਨਾ -122

ਬੁੱਲ੍ਹੇ ਅਨੁਸਾਰ ਖੁਦਾ ਦੀ ਖੁਦਾਈ ਤੋ ਅਣਜਾਣ ਪੁਣੇ ਵਿੱਚ ਮਨੁੱਖ ਆਪੇ ਹੀ ਬੁੱਤ ਘੜਦਾ ਹੈ ਤੇ ਫਿਰ ਉਹਨਾ ਨੂੰ ਪੂਜਦਾ ਹੋਇਆ ਪ੍ਰਮਾਤਮਾ ਨੂੰ ਖੋਜਣ ਵਿੱਚ ਜੁੱਟ ਜਾਂਦਾ ਹੈ।

ਮੈਂ ਕਿਉਂ ਕਰ ਜਾਵਾਂ ਕਾਅਬੇ ਨੂੰ,

ਦਿਲ ਲੋਚੇ ਤਖ਼ਤ ਹਜਾਰੇ ਨੂੰ,

ਲੋਕੀ ਸੱਜਦਾ ਕਾਅਬੇ ਨੂੰ ਕਰਦੇ,

ਸਾਡਾ ਸੱਜਦਾ ਯਾਰ ਪਿਆਰੇ ਨੂੰ।[36]

ਬੁੱਲ੍ਹਾ ਇੱਥੇ ਧਾਰਮਿਕ ਨਿਯਮਾਂ ਤੇ ਮਾਣ ਵਡਿਆਈਆਂ ਪ੍ਰਤੀ ਵਿਚਾਰ ਪ੍ਰਸਤੁਤ ਕਰਦਾ ਹੈ ਕਿ ਮੱਕੇ/ਕਾਅਬੇ ਜਾ ਕੇ ਹੱਜ ਕੀਤਿਆਂ ਕੁੱਝ ਨਹੀਂ ਮਿਲਦਾ, ਜੋ ਵੀ ਹੈ ਉਹਨੂੰ ਪਹਿਲਾਂ ਅੰਦਰੋਂ ਹੀ ਖੋਜਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬੁੱਲ੍ਹਾ ਆਪਣੀਆਂ ਕਾਫ਼ੀਆਂ ਵਿੱਚ ਇਹਨਾਂ ਵਿਸ਼ੇਸ਼ਣਾਂ ਕਮਲੀ, ਯਾਰ ਪਿਆਰਾ ਆਦਿ ਰਾਹੀਂ ਉਹ ਪ੍ਰੇਮ ਰਸ ਕੀਮਤਾਂ ਦਾ ਵਰਣਨ ਕਰਦਾ ਹੋਇਆ ਚਿੰਨ੍ਹਾਤਮਕ ਸ਼ਬਦਾਵਲੀ ਵਰਤਣ ਦੇ ਨਾਲ ਨਾਲ ਉਸ ਵਿੱਚ ਪ੍ਰੇਮ ਦਾ ਰੰਗ ਭਰ ਕੇ ਪਾਠਕ ਦੇ ਸਨਮੁੱਖ ਕਰਦਾ ਹੈ।

ਬਿਦਰਾਬਨ ਮੇ ਗਊਆਂ ਚਰਾਵੇ,

ਲੰਕਾ ਚੜ ਕੇ ਨਾਦ ਵਜਾਵੇ,

ਮੱਕੇ ਦਾ ਹਾਜੀ ਬਣ ਆਵੇ,

ਵਾਹ ਵਾਹ ਰੰਗ ਵਟਾਈਦਾ।[37]

---

[35] ਉਹੀ, ਪੰਨਾ-138
[36] ਉਹੀ, ਪੰਨਾ-126

ਬੁੱਲ੍ਹੇ ਸ਼ਾਹ ਧਰਮ ਦੇ ਨਾ ਤੇ ਹੋ ਰਹੀ ਠੱਗ ਬਾਜ਼ੀ ਅਤੇ ਧਰਮ ਦੀ ਬੇਅਦਬੀ ਨੂੰ ਵੀ ਵੱਖ-ਵੱਖ ਧਰਮਾਂ ਦੇ ਚਿੰਨ੍ਹਾਂ ਰਾਹੀ ਪ੍ਰਗਟਾਉਂਦਾ ਹੈ ਜਿੱਥੇ ਉਹ ਮੁਸਲਮਾਨਾਂ ਦੇ ਫੋਕੇ ਕਰਮ ਕਾਂਡ ਤੇ ਝੂਠੀਆਂ ਨੀਅਤਾਂ ਨੂੰ ਪੇਸ਼ ਕਰਦਾ ਹੈ ਉੱਥੇ ਉਹ ਹਿੰਦੂਆਂ ਦੇ ਇਸ ਬਿਦਰਾਬਨ ਧਾਰਮਿਕ ਉਥਾਨ ਦੇ ਚਿੰਨ੍ਹ ਰਾਹੀਂ ਇਹਨਾਂ ਦਾਅਵੇਦਾਰਾਂ ਤੇ ਠੇਕੇਦਾਰਾਂ ਦੀ ਤਸਵੀਰ ਨੂੰ ਪੇਸ਼ ਕਰਦਾ ਹੋਇਆ, ਇਹੋ ਹੀ ਗਿਆਨ ਦੇਣਾ ਚਾਹੁੰਦਾ ਹੈ। ਕਿ ਖ਼ੁਦਾ ਹਰ ਜੀਵ ਵਿੱਚ ਵੱਸਦਾ ਹੈ। ਚਾਹੇ ਉਹ ਬਿਦਰਾਬਨ ਦਾ ਕ੍ਰਿਸ਼ਨ ਤੇ ਚਾਹੇ ਮੱਕੇ ਦਾ ਹਾਜ਼ੀ ਹੋਵੇ, ਬੇਸ਼ੱਕ ਇਹਨਾਂ ਦੇ ਚਿੰਨ੍ਹਤ ਰਾਹੀ ਉਹ ਆਪਣੀ ਆਸਥਾ ਨੂੰ ਪ੍ਰਗਟ ਕਰਦਾ ਹੈ ਪਰ ਅਸਲ ਚ ਉਹ ਪ੍ਰਮਾਤਮਾ ਦੇ ਉਸ ਵਿਆਪਕ ਤੇ ਵਿਸਤ੍ਰਿਤ ਵਰਤਾਰੇ ਦੀ ਗੱਲ ਕਰਦਾ ਹੈ।

ਮਾਏ ਨੀ ਇੱਕ ਜੋਗੀ, ਦਰ ਸਾਡੇ ਧੂੰਆਂ ਪਾਇਆ,

ਮੈਂ ਵੇਸਾਂ ਜੋਗੀ ਦੇ ਨਾਲ, ਮੱਥੇ ਤਿਲਕ ਲਗਾ ਕੇ,

ਏਸ ਜੋਗੀ ਮੈਨੂੰ ਕਹੀਆਂ ਲਾਈਆਂ, ਹੈਨ ਕਲੇਜੇ ਕੁੰਡੀਆਂ ਪਾਈਆਂ,

ਇਸ਼ਕ ਦਾ ਪਾਇਆ ਜਾਲ, ਮਿੱਠੀ ਬਾਤ ਸੁਣਾ ਕੇ[38]

ਜੋਗੀ ਚਿੰਨ੍ਹ ਜੋਗ ਮਤ ਨੂੰ ਪ੍ਰਗਟਾਉਂਦਾ ਹੈ, ਬੁੱਲ੍ਹਾ ਵੀ ਜੋਗ ਮਤ ਤੋਂ ਜਾਣੂ ਸੀ। ਉਹ ਜੋਗੀਆਂ ਦੇ ਵੇਸ ਦੀ ਗੱਲ ਕਰਦਾ ਹੋਇਆ ਜੋਗੀਆਂ ਦੁਆਰਾ ਕੀਤੇ ਜਾਂਦੇ ਕਾਰਾਂ ਵਿਹਾਰਾ ਨੂੰ ਵੀ ਆਪਣੀਆਂ ਕਾਫ਼ੀਆਂ ਵਿੱਚ ਸਪਸ਼ਟ ਕਰਦਾ ਹੈ। ਜੋਗੀ ਚਿੰਨ੍ਹ " ਕਲਾਮ ਬੁੱਲ੍ਹੇ ਸ਼ਾਹ"

ਅੰਦਰ ਵੱਖ- ਵੱਖ ਪ੍ਰਸਥਿਤੀਆਂ ਅਨੁਕੂਲ ਪੇਸ਼ ਹੋਇਆ ਹੈ। ਉਸ ਦੇ ਕਲਾਮ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਆਪਣੇ ਹਾਵ- ਭਾਵ ਚਿੰਨ੍ਹ ਸ਼ਬਦਾਵਲੀ ਰਾਹੀਂ ਸਹਿਜ ਰੂਪ ਵਿੱਚ ਪੇਸ਼ ਕਰਦਾ ਹੈ। ਇੱਥੇ ਜੋਗੀ ਚਿੰਨ੍ਹ ਪਰਮਾਤਮਾ ਪ੍ਰਤੀ ਇਸ਼ਕ ਨੂੰ ਪ੍ਰਗਟਾਉਣ ਲਈ ਵਰਤਿਆ ਗਿਆ ਹੈ। ਜੋਗੀ ਚਿੰਨ੍ਹ ਦਾ ਚਿੰਨ੍ਹਤ ਇਹ ਦਰਸਾਉਂਦਾ ਹੈ ਕਿ ਜੋਗੀ ਲੋਕ ਰੱਬੀ ਇਸ਼ਕ

[37] ਉਹੀ, ਪੰਨਾ-127
[38] ਉਹੀ, ਪੰਨਾ-133

ਵਿੱਚ ਮਸਤ ਮਲੰਗ ਹੋਏ। ਵੱਖਰੀ ਤਰ੍ਹਾਂ ਦੀ ਜੀਵਨ ਜਾਂਚ ਅਪਣਾਉਂਦੇ ਹਨ। ਉਹ ਇਸ ਵਿੱਚ ਹੀ ਆਪਣੀ ਆਤਮਿਕ ਸ਼ਾਂਤੀ ਮਹਿਸੂਸ ਕਰਦੇ ਹਨ।

ਕਿਤੇ ਮੁੱਲਾਂ ਹੋ ਬੁਲੈਦੇਂ ਹੋ, ਕਿਤੇ ਸੁੰਨਤ ਫ਼ਰਜ਼ ਦਸੈਦੇ ਹੋ,

ਕਿਤੇ ਰਾਮ ਦੁਹਾਈ ਦੇਦੇਂ ਹੋ, ਕਿਤੇ ਮੱਥੇ ਤਿਲਕ ਲਗਾਈ ਦਾ,

ਹੁਣ ਕਿਸ ਥੀ ਆਪ ਛੁਪਾਈਦਾ[39]।

ਉਹ ਇੱਥੇ ਇਸ਼ਕ ਹਕੀਕੀ ਦੀ ਪੱਧਰ ਤੇ ਪਹੁੰਚ ਚੁੱਕਾ ਨਜ਼ਰੀ ਆਉਂਦਾ ਹੈ ਤੇ ਉਸ ਨੂੰ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਭਾਵ ਕਿ ਬੁੱਲ੍ਹਾ ਸੀਮਤ ਬਲਗਣਾ ਵਿੱਚੋਂ ਨਿਕਲ ਕੇ ਪ੍ਰਮਾਤਮਾ ਦੇ ਅਸੀਮਿਤ ਪ੍ਰਭਾਵ ਨੂੰ ਮਹਿਸੂਸ ਕਰਦਾ ਹੈ ਕਿਉਂਕਿ ਪ੍ਰਮਾਤਮਾ ਦਾ ਕੋਈ ਇੱਕ ਰੂਪ ਨਿਸ਼ਚਿਤ ਨਹੀਂ ਹੈ। ਸਾਧਨਾ ਪੱਖ ਨੂੰ ਪ੍ਰਗਟਾਉਣਾ ਉਹ ਹਿੰਦੂ ਧਰਮ ਵਿਚੋਂ ਤਰ੍ਹਾਂ- ਤਰ੍ਹਾਂ ਦੇ ਚਿੰਨ੍ਹ ਜਿਵੇਂ ਰਾਮ, ਕਾਨ੍ਹਾ ਬੰਸੀ ਵਾਲਾ ਆਦਿ ਵਰਤ ਕੇ ਭਾਵਾਂ ਦਾ ਪ੍ਰਗਟਾਵਾ ਕਰਦਾ ਹੈ। ਇਹਨਾਂ ਰਾਹੀਂ ਉਹ ਭਾਰਤੀ ਭਗਤੀ ਮਤ ਦਾ ਪੱਲਾ ਫੜਦਾ ਹੋਇਆ ਵੀ ਆਪਣੇ ਭਾਵ ਅਭਿਵਿਅਕਤ ਕਰਦਾ ਹੈ।

ਫੂਕ ਮੁਸੱਲਾ ਭੰਨ ਸਿਟ ਲੋਟਾ

ਨਾ ਫੜ ਤਸਬੀ, ਕਾਸਾ, ਸੋਟਾ

ਆਲਮ ਕਹਿੰਦਾ ਦੇ ਦੇ ਹੋਕਾਂ।

ਤਰਕ ਹਲਾਲੋ ਖਾ ਮੁਰਦਾਰ।

ਭੱਠ ਨਮਾਜ਼ਾ, ਚਿੱਕੜ ਰੋਜ਼ੇ,

[39] ਉਹੀ, ਪੰਨਾ-139

ਖਲਮੇ ਤੇ ਫਿਰ ਗਈ ਸਿਆਹੀ।[40]

ਰੋਜ਼ੇ ਰੱਖਣਾ, ਨਿਮਾਜ਼ ਕਰਨੀ, ਪੂਜਾ ਪਾਠ ਕਰਨਾ ਆਦਿ ਵਿੱਚ ਬੁੱਲ੍ਹੇ ਸ਼ਾਹ ਜੀ ਦਾ ਕੋਈ ਵਿਸ਼ਵਾਸ ਨਹੀਂ ਹੈ। ਇਹਨਾਂ ਧਾਰਮਿਕ ਰਸਮਾਂ ਤੋਂ ਬੁੱਲ੍ਹੇ ਸ਼ਾਹ ਜੀ ਘ੍ਰਿਣਾ ਕਰਦੇ ਹਨ ਤੇ ਇਸ਼ਕ ਦੇ ਰਸਤੇ ਵਿੱਚ ਨਮਾਜ਼ ਤੇ ਸ਼ਰ੍ਹਾ ਸ਼ਰੀਅਤ ਆਦਿ ਸਭ ਨੂੰ ਫ਼ਜ਼ੂਲ ਸਮਝਦੇ ਹਨ।

ਮੁਸਲਮਾਨ ਸਿਵਿਆਂ ਤੋਂ ਚਿੜ੍ਹਦੇ,

ਹਿੰਦੂ ਚਿੜਦੇ ਗੋਰ।

ਦੋਵੇਂ ਏਸੇ ਦੇ ਵਿੱਚ ਮਰਦੇ,

ਇਹੋ ਦੋਹਾਂ ਦੀ ਖੋਰ।

ਕਿਤੇ ਰਾਮਦਾਸ ਕਿਤੇ ਫ਼ਤਹ ਮੁਹੰਮਦ

ਇਹੋ ਕਦੀਮੀ ਸ਼ੋਰ।

ਮਿਟ ਗਿਆ ਦੋਹਾਂ ਦਾ ਝਗੜਾ।

ਨਿਕਲ ਪਿਆ ਕੁੱਝ ਹੋਰ।[41]

[40] ਉਹੀ, ਪੰਨਾ- 141
[41] ਉਹੀ, ਪੰਨਾ-141

ਬੁੱਲ੍ਹੇ ਸ਼ਾਹ ਜੀ ਅਨੁਸਾਰ ਰੱਬ ਇੱਕ ਹੈ। ਉਹ ਸਾਡੇ ਸਭ ਦੇ ਅੰਦਰ ਵੱਸਦਾ ਹੈ। ਕਿਸੇ ਵੀ ਤਰ੍ਹਾਂ ਦੇ ਬੰਧਨਾਂ ਵਿੱਚ ਰਹਿਣ ਨੂੰ ਸਾਂਈ ਬੁੱਲ੍ਹੇ ਸ਼ਾਹ ਜੀ ਇੱਕ ਕੈਦ ਮੰਨਦੇ ਹਨ। ਉਹ ਵੱਖ-ਵੱਖ ਧਰਮਾਂ ਦੀ ਕੜੀ ਅਲੋਚਨਾ ਕਰਦੇ ਹਨ।

ਜਿੱਥੇ ਨਾ ਜਾਣਾ ਉਥੇ ਜਾਏਂ,

ਹਕ ਬਿਗਾਨਾ ਮੁੱਕਰ ਖਾਏਂ।

ਕੂੜ ਕਿਤਾਬਾਂ ਸਿਰ ਤੇ ਚਾਏਂ,

ਇਹ ਤੇਰਾ ਇਤਬਾਰ।

ਮੂੰਹੋਂ ਤੋਬਾ ਦਿਲੋਂ ਨਾ ਕਰਦਾ,

ਨਾ ਹੀ, ਖੌਫ ਦਾ ਕਰਦਾ।

ਇਸ ਤੋਬਾ ਥੀਂ ਤੋਬਾ ਕਰੀਏ,

ਨਾ ਬਖਸ਼ੇ ਗਫ਼ਾਰ।[42]

ਜਿਹੜੇ ਲੋਕ ਸਵਰਗ ਜਾਣ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਧਰਮ ਦਾ ਵਿਖਾਵਾ ਕਰਦੇ ਹਨ, ਅੱਗੇ ਸਵਰਗਾਂ ਵਿੱਚ ਥਾਂ ਮਿਲ ਜਾਵੇਗੀ ਆਦਿ ਗੱਲਾਂ ਨੂੰ ਸਾਂਈ ਬੁੱਲ੍ਹੇ ਸ਼ਾਹ ਜੀ ਨੇ ਉਪਰੋਕਤ ਕਾਫ਼ੀ ਰਾਹੀਂ ਬਿਆਨ ਕੀਤਾ ਹੈ।

ਕਲਾਮ ਬੁੱਲ੍ਹੇ ਸ਼ਾਹ ਦੇ ਧਾਰਮਿਕ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਸ ਸਮੇਂ ਦਾ ਧਾਰਮਿਕ ਜੀਵਨ ਗਿਰਾਵਟ ਦਾ ਸ਼ਿਕਾਰ ਹੋ ਚੁੱਕਾ ਸੀ। ਧਰਮ ਦਾ ਉਪਦੇਸ਼ ਦੇਣ ਵਾਲੇ ਰੱਬੀ ਗਿਆਨ ਅਤੇ ਰੌਸ਼ਨੀ ਤੋਂ ਵਾਂਝੇ ਸਨ। ਬੁੱਲ੍ਹੇ

[42] ਉਹੀ, ਪੰਨਾ-123

ਸ਼ਾਹ ਧਾਰਮਿਕ ਪੁਸਤਕਾਂ, ਧਾਰਮਿਕ ਕਰਮ ਕਾਂਡ, ਧਾਰਮਿਕ ਸਥਾਨਾਂ, ਧਾਰਮਿਕ ਪੈਰੋਕਾਰਾਂ ਸੰਬੰਧੀ ਚਿੰਨ੍ਹਾਂ ਨੂੰ ਪਾਠਕ ਸਾਹਮਣੇ ਪੇਸ਼ ਕਰਦਾ ਹੋਇਆ ਅਸਲੀਅਤ ਨੂੰ ਪਛਾਣਨ ਦਾ ਉਪਦੇਸ਼ ਦਿੰਦਾ ਹੈ।

## ਸਮਾਜਿਕ ਪੱਖ ਤੋਂ ਵਿਦਰੋਹੀ ਚੇਤਨਾ

ਸਾਧਾਰਨ ਪੱਧਰ ਤੇ ਹਰੇਕ ਵਰਤਦਾ ਸ਼ਬਦ ਕਿਸੇ ਵਿਸ਼ੇਸ਼ ਅਰਥ ਦਾ ਪ੍ਰਤੀਨਿਧ ਹੁੰਦਾ ਹੈ। ਪਰ ਸਾਹਿਤਕ ਪ੍ਰਕਿਰਿਆ ਅਧੀਨ ਵਰਤੀਦੇ ਸ਼ਬਦ ਬਹੁਅਰਥਕ ਸਰੂਪ ਦੇ ਧਾਰਨੀ ਹੋ ਸਕਦੇ ਹਨ ਸਾਹਿਤ ਇਕ ਅਜਿਹੀ ਸਮਾਜ ਸਿਰਜਨਾ ਹੈ ਜਿਸ ਵਿੱਚ ਪ੍ਰਸਤੁਤ ਚਿੰਨ੍ਹ ਆਪਣੇ ਸਥਾਪਿਤ ਅਰਥਾਂ ਤੋਂ ਨਿੱਖੜ ਕੇ ਵੱਖਰਾ ਪਾਸਾਰ ਗ੍ਰਹਿਣ ਕਰਦੇ ਹਨ

ਡਾ. ਹਰਿਭਜਨ ਸਿੰਘ ਅਨੁਸਾਰ

" ਸਾਹਿਤ ਵਸਤੂ ਦੀ ਸਾਧਾਰਨ ਪੇਸ਼ਕਾਰੀ ਨਹੀਂ ਚਿੰਨ੍ਹਕਾਰੀ ਹੈ। ਸਾਹਿਤ ਸਾਡਾ ਸਭਿਆਚਾਰਕ ਚਿੰਨ੍ਹ ਹੈ ਅਤੇ ਇਸ ਦਾ ਬੁਨਿਆਦੀ ਲੱਛਣ ਇਹ ਹੈ ਕਿ ਇਸ ਦੇ ਚਿੰਨ੍ਹਕ ਆਪਣੇ ਚਿੰਨ੍ਹਤਾਂ ਤੋਂ ਰਤਾ ਕੁ ਫ਼ਾਸਲੇ ਉੱਪਰ ਵਿਚਰਦੇ ਹਨ।"[43]

ਸ਼ੋ ਨਿਰਸੰਦੇਹ ਸਾਹਿਤ ਸਿਰਜਨਾ ਸਾਹਿਤਕ ਪੱਧਰ ਤੇ ਦੂਜੈਲੇ ਪ੍ਰਬੰਧ ਦੀ ਸਿਰਜਨਾ ਕਰਨ ਪ੍ਰਤਿ ਕਾਰਜਸ਼ੀਲ ਹੁੰਦੀ ਹੈ। ਇਸ ਅਧਿਆਇ ਅਧੀਨ ਬੁੱਲ੍ਹੇ ਸ਼ਾਹ ਦੇ ਕਾਵਿ ਦਾ ਸਮਾਜ ਸੰਦਰਭ ਵਿੱਚ ਚਿੰਨ੍ਹ ਵਿਗਿਆਨਕ ਅਧਿਐਨ ਕਰਨ ਲਈ ਪਹਿਲਾ ਅਸੀਂ ਸਮਾਜ ਕਦਰਾਂ-ਕੀਮਤਾਂ ਤੇ ਝਾਤ ਮਾਰਨੀ ਜ਼ਰੂਰੀ ਹੈ। ਇਸ ਝਾਤ ਤੋਂ ਪਹਿਲਾ ਸਮਾਜ ਅਤੇ ਸਭਿਆਚਾਰ ਨੂੰ ਸਮਝਣਾ ਅਤੇ ਉਨ੍ਹਾਂ ਨੂੰ ਪਰਿਭਾਸ਼ਿਤ ਕਰਨਾ ਵੀ ਜ਼ਰੂਰੀ ਹੈ।

ਸਮਾਜ ਇੱਕ ਪ੍ਰਕਾਰ ਦਾ ਇਕੱਠ ਹੁੰਦਾ ਹੈ, ਤੇ ਇਸੇ ਇਕੱਠ ਵਿੱਚ ਆਪਸੀ ਨਿਰਭਰਤਾ ਦੇਖਣ ਨੂੰ ਮਿਲਦੀ ਹੈ। ਸਮਾਜ ਅਸਲ ਵਿੱਚ ਮਨੁੱਖਾ ਦੇ ਆਪਸੀ ਮੇਲ ਜਲੌ ਤੋਂ ਹੀ ਹੋਂਦ ਗ੍ਰਹਿਣ ਕਰਦਾ ਹੈ। ਇਹ ਇੱਕ ਤਰ੍ਹਾਂ ਮਨੁੱਖੀ ਮਾਨਸਿਕ

[43] ਉਹੀ, ਪੰਨਾ-53

ਕਿਰਿਆਵਾਂ ਦਾ ਸੰਗਠਿਤ ਰੂਪ ਹੈ। ਇਹ ਸੰਗਠਿਤ ਰੂਪ ਹੀ ਸਮਾਜ ਦੇ ਅੰਤਰਗਤ ਵਿਚਰਦੇ ਮਨੁੱਖ ਨੂੰ ਗ਼ਲਤ ਕੰਮ ਕਰਨ ਤੋਂ ਰੋਕਦਾ ਹੈ। ਇਸ ਪ੍ਰਕਾਰ ਸਮਾਜ ਮਨੁੱਖੀ ਸ਼ਖ਼ਸੀਅਤ ਨੂੰ ਘੜਨ ਵਿੱਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਮਾਨ ਸਮੂਹ ਦਵਾਰਾ ਸਿਰਜਤ ਕਦਰਾਂ ਕੀਮਤਾਂ ਵੀ ਸਮਾਜ ਦੀ ਪੇਸ਼ਕਾਰੀ ਕਰਦੀਆਂ ਹਨ। ਅਤੇ ਹਰੇਕ ਮਨੁੱਖ ਇਹਨਾਂ ਦੀ ਪਾਲਣਾ ਕਰਦਾ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਹਰ ਸਮਾਜ ਦਾ ਆਪਣਾ ਜਿਊਣ ਢੰਗ ਹੁੰਦਾ ਹੈ ਜੋ ਸਮਾਜਿਕ ਪਰਿਸਥਿਤੀਆਂ ਨੂੰ ਬਾਖੂਬੀ ਪੇਸ਼ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਕਾਵਿ ਵਿੱਚ ਇੱਕ ਲੋਕ ਕਵੀ ਦੇ ਨਾਤੇ ਘਰੋਗੀ ਪ੍ਰਤੀਕਾਂ ਤੇ ਲੋਕ ਧਾਰਨਾਵਾਂ ਦੀ ਪਿਰਤ ਪੱਕੀ ਤਰ੍ਹਾਂ ਪਾ ਦਿੱਤੀ। ਮਗਰੋਂ ਸ਼ਾਹ ਹੁਸੈਨ ਨੇ ਨਿੱਤ ਵਰਤੋਂ ਦੀਆਂ ਚੀਜ਼ਾਂ ਨੂੰ ਚਿੰਨ੍ਹ ਰੂਪ ਵਿੱਚ ਵਰਤ ਕੇ ਕਮਾਲ ਕਰ ਦਿਖਾਇਆ ਬੁੱਲ੍ਹੇ ਸ਼ਾਹ ਨੇ ਬਾਬਾ ਫ਼ਰੀਦ ਜੀ ਅਤੇ ਸ਼ਾਹ ਹੁਸੈਨ ਦੇ ਨਕਸ਼-ਏ-ਕਦਮ ਉੱਪਰ ਚਲਦਿਆਂ ਘਰੋਗੀ ਚਿੰਨ੍ਹ ਚੁਗਿਰਦੇ ਵਿਚੋਂ ਚੁਣ ਕੇ ਆਪਣੀ ਕਵਿਤਾ ਨੂੰ ਕਲਾ ਪੱਖ ਦੀ ਪੱਧਰ ਤੇ ਹੋਰ ਵਧੇਰੇ ਮਜ਼ਬੂਤ ਬਣਾ ਲਿਆ।ਬੁੱਲ੍ਹੇ ਸਤਹ ਦੀ ਸਾਰੀ ਦੀ ਸਾਰੀ ਰਚਨਾ ਪ੍ਰਤੀਕਾਂ,ਚਿੰਨ੍ਹਾਂ ਨਾਲ ਭਰਪੂਰ ਹੈ ਤੇ ਉਨ੍ਹਾਂ ਦੇ ਚੰਨ ਉਸ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਵੀ ਪਾਠਕਾਂ ਸਾਹਮਣੇ ਸਾਕਾਰ ਕਰਦੇ ਹਨ।

ਸਾਂਈ ਬੁੱਲ੍ਹੇ ਸ਼ਾਹ ਜੀ ਨੇ ਆਪਣੇ ਕਾਵਿ ਵਿੱਚ ਬਹੁਤ ਸਾਰੇ ਅਜਿਹੇ ਚਿੰਨ੍ਹ ਵਰਤੇ ਹਨ,ਜੋ ਉਸ ਸਮੇਂ ਦੇ ਸਮਾਜ ਦੀ ਤਸਵੀਰ ਪਾਠਕਾਂ ਦੇ ਸਨਮੁੱਖ ਪੇਸ਼ ਕਰਦੇ ਹਨ।

ਬੁੱਲ੍ਹੇ ਸ਼ਾਹ ਦੇ ਸਮੇਂ ਦੀ ਸਮਾਜਿਕ ਸਥਿਤੀ:

ਬੁੱਲ੍ਹੇ ਦੇ ਕਲਾਮ ਤੋਂ ਉਸ ਸਮੇਂ ਦੀਆਂ ਸਮਾਜਿਕ,ਸਭਿਆਚਾਰਕ,ਆਰਥਿਕ,ਰਾਜਨੀਤਕ ਆਦਿ ਸਥਿਤੀਆਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।ਉਸ ਦੀਆਂ ਰਚਨਾਵਾਂ ਤੋਂ ਪਤਾ ਚੱਲਦਾ ਹੈ ਕਿ ਬੁੱਲ੍ਹੇ ਦਾ ਸਮਕਾਲੀ ਸਮਾਜ ਹਿੰਦੂ ਤੇ ਮੁਸਲਮਾਨ ਧਰਮ ਦੇ ਅਨੁਯਾਈਆਂ ਵਿੱਚ ਵੰਡਿਆ ਹੋਇਆ ਸੀ।'ਮੁਸਲਮਾਨ ਹਿੰਦੂਆਂ ਨੂੰ ਕਾਫ਼ਰ ਗਿਣਦੇ ਸਨ ਉਹ ਆਪਣੀਆਂ ਕਾਫ਼ੀਆ ਵਿੱਚ ਇਸ ਵੰਡ ਦਾ ਚਿਤਰਨ ਹੀ ਨਹੀਂ ਕਰਦੇ ਹਨ। ਸਗੋਂ ਦੋਹਾਂ ਦੇ ਕਿਰਦਾਰ ਦਾ ਵਰਣਨ ਕਰਦੇ ਹੋਏ ਉਨ੍ਹਾਂ ਦੇ ਸੱਚੇ ਇਸ਼ਕ ਦਾ ਮਾਰਗ ਵੀ ਦੂਸਰੇ ਹਨ।

ਬੇਦੀ ਕੁਰਾਨਾਂ ਪੜ੍ਹ-ਪੜ੍ਹ ਥੱਕੇ, ਸੱਜਦੇ ਕਰਦਿਆਂ ਘਸ ਗਏ ਮੱਥੇ।

ਨਾ ਰੱਬ ਤੀਰਥ ਨਾ ਰੱਬ ਮੱਕੇ, ਜਿਸ ਪਾਇਆ ਤਿਸ ਨੂਰ ਅਨਵਾਰ।

ਇਸ਼ਕ ਦੀ ਨਵੀਂਓ ਨਵੀਂ ਬਹਾਰ[44]

ਉਸ ਸਮੇਂ ਦਾ ਸਮਾਜ ਜਾਤਾਂ-ਪਾਤਾਂ ਵਿੱਚ ਵੰਡਿਆ ਹੋਇਆ ਸੀ ਹਿੰਦੂਆਂ ਵਿੱਚ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਸਨ ਮੁਸਲਮਾਨਾਂ ਵਿੱਚ ਵੀ ਸੱਯਦ ਅਰਾਈਂ ਆਦਿ ਜਾਤਾਂ ਸਨ। ਹਿੰਦੂਆਂ ਵਿੱਚ ਸ਼ੂਦਰ ਜਾਤ ਨੂੰ ਨੀਵੇਂ ਗਿਣਿਆ ਜਾਂਦਾ ਸੀ ਤੇ ਕਿਸੇ ਬ੍ਰਾਹਮਣ ਨੂੰ ਸ਼ੂਦਰ ਦਾ ਚੇਲਾ ਬਣਨ ਤੇ  ਉਸ ਦੇ ਹੱਥ ਲੱਗਣ ਤੇ ਵੀ ਭ੍ਰਿਸ਼ਟ ਹੋ ਗਿਆ ਸਮਝਿਆ ਜਾਂਦਾ ਸੀ। ਇਸੇ ਤਰ੍ਹਾਂ  ਹੀ ਮੁਸਲਮਾਨਾਂ ਵਿੱਚ ਜੇ ਕੋਈ ਸੱਯਦ (ਉੱਚੀ ਜਾਤ ਵਾਲਾ) ਕਿਸੇ ਅਰਾਈਂ (ਨੀਵੀਂ ਜਾਤ ਵਾਲੇ) ਦਾ ਮੁਰੀਦ ਬਣ ਜਾਂਦਾ ਹੈ  ਤਾਂ ਮੁਸਲਮਾਨ ਉਸ ਨੂੰ ਮਾੜਾ ਗਿਣਦੇ ਸਨ । ਇਸ ਦਾ ਸੰਕੇਤ  ਬੁੱਲ੍ਹੇ ਸ਼ਾਹ ਦੀ ਸਤਰ (ਮੰਨ ਲੈ ਬੁੱਲਿਆਂ ਸਾਡਾ ਕਹਿਣਾ ਛੱਡਦੇ ਪੱਲਾ ਰਾਈਆਂ) ਵਿਚੋਂ ਮਿਲਦਾ ਹੈ। ਬੁੱਲ੍ਹੇ ਸ਼ਾਹ ਸਪਸ਼ਟ ਕਰਦਾ ਹੈ।  ਕਿ ਉਸ ਦੁਆਰਾ ਸੱਯਦ ਹੋ ਕੇ ਅਰਾਈਂ ਦਾ ਲੜ ਫੜਨ ਤੇ  ਉਸ ਨੂੰ ਸਮਾਜ ਦੇ ਲੋਕਾਂ ਤੋਂ ਕੋਲੋਂ  ਬਹੁਤ  ਕੁੱਝ ਸੁਣਨਾ ਪਿਆ ਪ੍ਰੰਤੂ  ਬੁੱਲ੍ਹੇ ਸ਼ਾਹ ਇਸ ਸਤਰ ਰਾਹੀਂ ਲੋਕਾਂ ਦੀ ਮਾਨਸਿਕ ਬਿਰਤੀ ਨੂੰ ਉਲੀਕਦਾ ਹੋਇਆ  ਬਿਨਾਂ ਕਿਸੇ ਜਾਤੀ ਭੇਦ-ਭਾਵ  ਦੇ ਅਸਲ ਗੁਰੂ ਦਾ ਮੁਰੀਦ ਬਣਨ ਤੇ ਉਸ ਦੇ ਦੱਸੇ ਮਾਰਗ  ਤੇ ਚੱਲਣ ਦਾ ਸੰਦੇਸ਼ ਦਿੱਤਾ ਹੈ। ਬੁੱਲ੍ਹੇ  ਸ਼ਾਹ ਦੇ ਕਲਾਮ ਦੀ ਸਮਾਜਿਕ ਮਹੱਤਤਾ ਇਹ ਹੈ ਕਿ ਉਸ ਲਈ ਜਾਤ-ਪਾਤ ਕੋਈ ਮਾਅਨੇ ਨਹੀਂ ਰੱਖਦੀ। ਇਸ ਲਈ ਸਮਾਜਿਕ ਪੱਧਰ ਤੇ  ਇਸ ਭੇਦ ਭਾਵ ਨੂੰ ਨਾ ਮੰਨਦਾ ਹੋਇਆ  ਸੱਚਾ ਇਸ਼ਕ ਕਰਨ ਲਈ ਕਹਿੰਦਾ ਹੈ। ਉਹ ਇਸ਼ਕ ਜਿਹੜਾ ਹਰ ਇੱਕ ਦੇ ਦਿਲ ਨੂੰ ਹਲੂਣਦਾ ਹੈ।

ਨਾ ਹਮ ਹਿੰਦੂ ਨਾ ਤੁਰਕ ਜ਼ਰੂਰੀ, ਨਾਮ ਇਸ਼ਕ ਦੀ ਹੈ ਮਨਜ਼ੂਰੀ,

ਆਸ਼ਕ ਨੇ ਹਰ ਜੀਤਾ, ਐਸਾ ਜਗਿਆ ਗਿਆਨ ਪਲੀਤਾ ॥[45]

[44] ਉਹੀ, ਪੰਨਾ–54

ਹਿੰਦੂ ਅਤੇ ਤੁਰਕ ਜਾਤ ਦੇ ਚਿੰਨ੍ਹ ਦੀਆ ਵਿਰੋਧੀ ਇਕਾਈਆਂ ਰਾਹੀ ਜ਼ਿਦਗੀ ਦੇ ਅਸਲ ਸੱਚ ਦੀ ਪੇਸ਼ਕਾਰੀ ਕਰਦੇ ਹੋਏ ਇਹਨਾਂ ਚਿੰਨ੍ਹਾਂ ਦੇ ਵਿਰੋਧ ਚ ਹੀ ਜ਼ਿੰਦਗੀ ਚ ਬਹਾਰ ਪੈਦਾ ਕਰਨ ਦਾ ਰਾਹ ਦੱਸਦਾ ਹੈ। ਉਸ ਸਮੇਂ ਦੇ ਸਮਾਜ ਵਿੱਚ ਮਦਦ ਇਸਤਰੀ ਨੂੰ ਮਨਮਰਜ਼ੀ ਦੀ ਸ਼ਾਦੀ ਕਰਨ ਦੀ ਅਗਿਆਤ ਨਹੀਂ ਸੀ ਜੇਕਰ ਕਿਸੇ ਮੁਟਿਆਰ ਨੂੰ ਨੌਜਵਾਨ ਨਾਲ ਇਸ਼ਕ ਹੋ ਜਾਂਦਾ ਤਾਂ ਉਹ ਮਾਪਿਆਂ ਤੇ ਬਿਰਾਦਰੀ ਤੋਂ ਡਰਦੀ ਇਸ਼ਕ ਦਾ ਭੇਦ ਕਿਸੇ ਨਾਲ ਨਹੀਂ ਖੋਲ੍ਹਦੀ ਸੀ। ਬੁੱਲ੍ਹਾ ਆਪਣੇ ਕਲਾਮ ਵਿੱਚ ਇਸ ਇਸ਼ਕ ਨੂੰ ਲੈ ਕੇ ਇਸ਼ਕ ਹਕੀਕੀ ਤੱਕ ਪੁੱਜਣ ਲਈ ਸੰਦੇਸ਼ ਦਿੰਦਾ ਹੈ। ਬੇਸ਼ੱਕ ਦੁਨਿਆਵੀ ਪੱਧਰ ਤੇ ਹਰ ਮੁਟਿਆਰ ਆਪਣੇ ਇਸ਼ਕ ਨੂੰ ਛੁਪਾ ਕੇ ਰੱਖਦੀ ਹੈ ਪਰ ਆਤਮਿਕ ਪੱਧਰ ਤੇ ਹਰ ਪਲ ਪ੍ਰੇਮੀ ਨਾਲ ਜੁੜੀ ਰਹਿੰਦੀ ਹੈ। ਪਰ ਉਹ ਇਸ ਪੱਧਰ ਤੇ ਪਹੁੰਚ ਕੇ ਵੀ ਸਮਾਜ ਤੋਂ ਡਰਦੀ ਹੋਈ ਆਪਣੀ ਇਸ਼ਕ ਵੇਦਨਾ ਨੂੰ ਜ਼ਾਹਿਰ ਨਹੀਂ ਕਰਦੀ ਇਸ ਤਰਾਹ ਉਹ ਉਸ ਸਮੇਂ ਦੇ ਸਮਾਜ ਵਿਚਲੇ ਇਸ਼ਕ ਦੇ ਸੰਕਲਪ ਨੂੰ ਪ੍ਰਗਟਾਉਂਦੀਆਂ ਹੋਈਆ ਵਿਚਰਦੀਆਂ ਹਨ।

ਇਸ਼ਕ ਅਸਾਂ ਨਾਲ ਕੇਹੀ ਕੀਤੀ ਲੋਕ ਮਰੇਂਦੇ ਤਾਅਨੇ।

ਦਿਲ ਦੀ ਵੇਦਨ ਕੋਈ ਨਾ ਜਾਣੇ ਅੰਦਰ ਦੇਸ ਬਗਾਨੇ[46]

ਬੁੱਲ੍ਹਾ ਜਾਣਦਾ ਹੈ ਕਿ ਸਮਾਜ ਕਿਸੇ ਮੁਟਿਆਰ ਦੇ ਇਸ਼ਕ ਨੂੰ ਪ੍ਰਵਾਨਗੀ ਨਹੀਂ ਦਿੰਦਾ ਉਹ ਤਾਂ ਦੋਹਾਂ ਚ ਦੀਵਾਰ ਬਣ ਕੇ ਖੜ੍ਹਾ ਰਹਿੰਦਾ ਹੈ। ਇਸ਼ਕ ਕਰਨ ਵਾਲਿਆਂ ਨੂੰ ਲੋਕਾਂ ਦੇ ਤਾਅਨੇ ਸਹਿਣੇ ਪੈਂਦੇ ਹਨ ਕਿਉਂਕਿ ਸਮਾਜ ਇਸ ਨੂੰ ਮਨੁੱਖ ਨਾਲ ਜੋੜ ਕੇ ਦੁਨਿਆਵੀ ਕਦਰਾਂ ਕੀਮਤਾਂ ਦੇ ਅਧਾਰ ਤੇ ਵੇਖਦਾ। ਬੁੱਲ੍ਹੇ ਸ਼ਾਹ ਨੇ ਇਸ਼ਕ ਮਜਾਜ਼ੀ ਤੋਂ ਇਸ਼ਕ ਹਕੀਕੀ ਵੱਲ ਇਸ਼ਾਰਾ ਕੀਤਾ ਹੈ।

ਇਸ਼ਕ ਚਪਾਤੀ ਲਾਈ ਛਾਤੀ ਫੇਰ ਨਾ ਝਾਤੀ ਪਾਈ।

---

[45] ਉਹੀ, ਪੰਨਾ-55
[46] ਉਹੀ, ਪੰਨਾ-56

ਮਾਪਿਆ ਕੋਲੋਂ ਛੁਪ-ਛੁਪ ਰੋਵਾਂ ਕਰ-ਕਰ ਲੱਖ ਬਹਾਨੇ।[47]

ਸੋ ਬੁੱਲ੍ਹੇ ਦੇ ਕਾਵਿ ਦੇ ਕਾਵਿ ਵਿਚਲੇ ਚਿੰਨ੍ਹ ਵੀ ਸਮਕਾਲੀ ਸਮਾਜ ਦਾ ਚਿੱਤਰ ਹੀ ਨਹੀਂ ਉਲੀਕਦੇ ਬਲਕਿ ਉਸ ਸਮੇਂ ਦੇ ਸਮਾਜ ਦੇ ਪੱਖ ਨੂੰ ਉਘਾੜਦੇ ਹੋਏ ਅਧਿਆਤਮ ਵਾਦੀ ਵਿਚਾਰ ਪਾਠਕਾਂ ਦੇ ਰੂ-ਬ-ਰੂ ਕਰਦੇ ਹਨ।

ਅੱਜ ਕੱਲ੍ਹ ਤੇਰਾ ਮੁਕਲਾਵਾ ਏ, ਕਿਉਂ ਸੁੱਤੀ ਕਰ ਕਰ ਦਾਅਵਾ ਏ ?

ਅਣਡਿੱਠਿਆਂ ਨਾਲ ਨਾਲ ਮਿਲਾਵਾ ਏ, ਇਹ ਭਲਕੇ ਗਰਮ ਬਾਜ਼ਾਰ ਨਹੀਂ ।[48]

ਮੱਧਕਾਲੀਨ ਸਾਹਿਤ ਵਿਚ ਅਧਿਆਤਮ ਵਾਦੀ, ਰਹੱਸਵਾਦੀ ਵਿਚਾਰ ਦੇਖਣ ਨੂੰ ਮਿਲਦੇ ਹਨ। ਬੁੱਲ੍ਹੇ ਸ਼ਾਹ ਨੇ ਵੀ ਆਪਣੇ ਵਿਚਾਰ ਪੇਸ਼ ਕਰਨ ਲਈ ਚਿਨ੍ਹਾਂਵਲੀ ਦੀ ਸਹਾਇਤਾ ਲਈ ਹੈ। ਉਸ ਦੇ ਸਮਾਜ ਦਾ ਸਮੁੱਚਾ ਚਿੰਨ੍ਹ ਪ੍ਰਬੰਧ ਕਈ ਪੱਖਾਂ ਨੂੰ ਉਜਾਗਰ ਕਰਨ ਵਿੱਚ ਆਪਣੀ ਭੂਮਿਕਾ ਬੰਨ੍ਹਦਾ ਹੈ। ਬੁੱਲ੍ਹੇ ਦੇ ਕਾਵਿ ਨਾਲ ਸੰਬੰਧਿਤ ਬੁਨਿਆਦੀ ਚਿੰਨ੍ਹਾਂ ਦੀ ਸਿਰਜਣਾ ਸਮਕਾਲੀ ਯਥਾਰਥ ਦੇ ਜਿਹੜੇ ਮਹੱਤਵਪੂਰਨ ਪਹਿਲੂਆਂ ਵਿੱਚ ਹੁੰਦੀ ਹੈ ਉਸ ਦਾ ਇਕ ਪੜਾਅ ਸਮਕਾਲੀ ਸਮਾਜਿਕ ਵਿਵਸਥਾ ਹੈ। ਤਰਖਾਣ ਚਿੰਨ੍ਹ ਨੂੰ ਉਹ ਆਪਣੇ ਕਲਾਮ ਵਿੱਚ ਬਾਖ਼ੂਬੀ ਚਿਤਰਦਾ ਹੈ ਤਰਖਾਣ ਕਿੱਤੇ ਨਾਲ ਸਬੰਧਿਤ ਚਿੰਨ੍ਹ ਹੈ ਦੂਸਰਾ ਇਹ ਚਿੰਨ੍ਹ ਮੱਧਵਰਗੀ ਜਾਤ ਨੂੰ ਦਰਸਾਉਂਦਾ ਹੈ ਜੋ ਸਮਾਜ ਵਿੱਚ ਮਿਹਨਤ ਕਰ ਕੇ ਚੰਗਾ ਖਾਣ-ਪੀਣ ਵਿੱਚ ਵਿਸ਼ਵਾਸ ਰੱਖਦੇ ਹਨ। ਬੁੱਲ੍ਹਾ ਇਸ ਚਿੰਨ੍ਹ ਰਾਹੀਂ ਆਪਣੇ ਰਹੱਸਮਈ ਅਰਥਾਂ ਦਾ ਵੀ ਸੰਚਾਰ ਕਰਦਾ ਹੈ। ਉਹ ਸਮਾਜਿਕ ਪੱਧਰ ਤੇ ਕਹਿੰਦਾ ਹੈ ਕਿ ਜਿਵੇਂ ਤਰਖਾਣ ਕੰਮ ਕਰਦਾ ਆਪਣਾ ਧਿਆਨ ਘਾੜਤ ਤੇ ਕੇਂਦਰਿਤ ਕਰ ਲੈਂਦਾ ਹੈ ਤਾਂਕਿ ਉਹ ਸੋਹਣੀ ਚੀਜ਼ ਘੜ ਸਕੇ ।

ਮੈਂ ਕੂਕਾ ਕਰ ਖਲੀਆਂ ਬਾਹੀਆਂ,

ਨਾ ਹੋ ਗਲਫ਼ਲ ਸਮਝ ਕਦਾਈਂ,

---

[47] ਉਹੀ,
[48] ਉਹੀ, ਪੰਨਾ-56-57

ਐਸਾ ਚਰਖਾ ਘੜਨਾ ਨਾਹੀਂ,

ਫੇਰ ਕਿਸੇ ਤਰਖਾਣ ਕੁੜੇ,

ਕਰ ਕੱਤਣ ਵੱਲ ਧਿਆਨ ਕੁੜੇ।[49]

ਇਸੇ ਤਰ੍ਹਾਂ ਬੁੱਲ੍ਹੇ ਅਨੁਸਾਰ ਉਸ ਪਰਮਾਤਮਾ ਨੂੰ ਸੋਹਣਾ ਜਾ ਪਿਆਰਾ ਲੱਗਣ ਲਈ ਉਸ ਦਾ ਨਾਮ ਸਿਮਰਨ ਕਰਨਾ ਜ਼ਰੂਰੀ ਹੈ। ਸੋ ਇੱਥੇ ਉਹ ਤਰਖਾਣ ਚਿੰਨ੍ਹ ਰਾਹੀ ਤਰਖਾਣ ਦੇ ਕੰਮ ਕਰਨ, ਭਾਵ ਸੋਹਣੀ ਘਾੜਤ ਨਾਲ ਸੱਚੇ ਮਨੋ ਨਾਮ ਸਿਮਰਨ ਦਾ ਚਰਖਾ ਕੱਤਣ ਦਾ ਸੰਦੇਸ਼ ਦਿੰਦਾ।

ਹੁਣ ਦਿਨ ਚੜਿਆ ਕਦ ਹੋਵੇ ਮੈਨੂੰ ਪਿਆਰਾ ਮੂੰਹ ਦਿਖਲਾਵੇ,

ਤਕਲੇ ਨੂੰ ਵੱਲ ਪੈ ਪੈ ਜਾਂਦੇ ਕੋਣ ਲੁਹਾਰ ਲਿਆਵੇ।

ਹੱਥੀ ਢਿਲਕ ਗਈ ਗਈ ਮੇਰੇ ਚਰਖੇ ਦੀ ਹੁਣ ਮੈਥੋਂ ਕੱਤਿਆ ਨਾ ਜਾਵੇ,

ਤੱਕਲ਼ਿਓਂ ਵੱਲ ਕੱਢ ਲੁਹਾਰਾ ਤੰਦ ਚਲੇਂਦਾ ਨਾਹੀਂ।[50]

ਇਹ ਚਿੰਨ੍ਹ ਬੁੱਲ੍ਹੇ ਸਮੇਂ ਦੀ ਲੁਹਾਰ ਕਿੱਤੇ ਨਾਲ ਸੰਬੰਧਿਤ ਸੀ ਅਤੇ ਅੱਜ ਵੀ ਸਾਡੇ ਸਮਾਜ ਵਿੱਚ ਲੁਹਾਰ ਕਿੱਤਾ ਪ੍ਰਚਲਿਤ ਹੈ। ਬੁੱਲ੍ਹਾ ਉਸ ਸਮੇਂ ਸੰਬੰਧੀ ਇਸ ਚਿੰਨ੍ਹ ਰਾਹੀ ਇਹ ਦੱਸਣਾ ਚਾਹੁੰਦਾ ਹੈ ਕਿ ਜਿਵੇਂ ਸਮਾਜ ਵਿੱਚ ਆਪਣੀਆਂ ਲੋੜਾਂ ਦੀ ਪੂਰਤੀ ਲਈ ਲਾਹੌਰ ਦੀ ਲੋੜ ਹੈ ਇਸੇ ਤਰ੍ਹਾਂ ਅਧਿਆਤਮਕ ਪੱਧਰ ਤੇ ਵੀ ਇਸ ਦੀ ਗੁਰੂ ਨਾਲ ਇੱਕ ਰੂਪਤਾ ਦਰਸਾ ਕੇ ਗੁਰੂ ਦੀ ਲੋੜ ਤੇ ਮਹੱਤਤਾ ਵੱਲ ਪਾਠਕਾਂ ਦਾ ਧਿਆਨ ਕੇਂਦਰਿਤ ਕੀਤਾ ਹੈ।ਰਾਂਝੇ ਨੂੰ ਚਿੰਨ੍ਹ ਵਜੋਂ ਵਰਤਦਾ ਹੋਇਆ ਚਿੰਨਕ ਤੋਂ ਚਿੰਨ੍ਹਤ ਨੂੰ ਵੀ ਉਹ ਰੂਪਮਾਨ ਕਰਦਾ ਹੈ।ਰਾਂਝਾ ਇੱਕ ਇਸ਼ਕੀਆ ਦੁਨਿਆਵੀ ਪਾਤਰ

[49] ਉਹੀ, ਪੰਨਾ-58
[50] ਉਹੀ, ਪੰਨਾ-60

ਹੈ।'ਰਾਂਝੇ' ਦੇ ਚਿੰਨ੍ਹ ਨੂੰ ਚਿੰਨਕ ਰੂਪ ਵਿੱਚ ਪਾਠਕ ਧੁਨੀਆਤਮਕ ਆਵਾਜ਼ ਵਜੋਂ ਗ੍ਰਹਿਣ ਕਰਦਾ ਹੈ।ਇਸ ਦਾ ਚਿੰਨ੍ਹਤ ਪੱਖ ਇੱਕ ਇਸ਼ਕ ਵਿੱਚ ਪਾਗਲ ਹੋਏ ਆਦਮੀ ਦਾ ਸੰਕਲਪ ਬਿੰਬ ਚਿਤਰਦਾ ਹੈ।ਇਸੇ ਤਰ੍ਹਾਂ ਹੀ ਰਾਂਝੇ ਦਾ ਬੁੱਲ੍ਹੇ ਨੇ ਅਧਿਆਤਮੀਕਰਣ ਕਰ ਦਿੱਤਾ ਹੈ ਕਿ ਰਾਂਝਾ ਸਮਾਜ ਵਿੱਚ ਇਤਿਹਾਸਕ ਪਾਤਰ ਦੀ ਥਾਂ ਰਹੱਸਵਾਦੀ ਆਦਰਸ਼ ਹੋ ਜਾਂਦਾ ਜਾਪਦਾ ਹੈ।ਇਹ ਸਥਿਤੀ ਰਹੱਸਵਾਦੀ ਪੱਧਰ ਦੇ ਅੰਤਰਗਤ ਰੱਖ ਕੇ ਹੀ ਸਮਝੀ ਜਾ ਸਕਦੀ ਹੈ:

*ਰਾਂਝਾ-ਰਾਂਝਾ ਕਰਦੀ ਨੀਂ ਮੈਂ ਆਪੇ ਰਾਂਝਾ ਹੋਈ,*

ਸੱਦੋ ਨੀਂ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ,

ਰਾਂਝਾ ਮੈਂ ਵਿੱਚ ਮੈਂ ਰਾਂਝੇ ਵਿੱਚ ਹੋਰ ਖ਼ਿਆਲ ਨਾ ਕੋਈ,

ਮੈਂ ਨਹੀਂ ਉਹ ਆਪ ਹੈ,ਆਪਣੀ ਆਪ ਕਰੇ ਦਿਲਜੋਈ,

ਰਾਂਝਾ-ਰਾਂਝਾ ਕਰਦੀ ਨੀਂ ਮੈਂ ਆਪੇ ਰਾਂਝਾ ਹੋਈ,

ਹੱਥ ਖੂੰਡੀ ਮੇਰੇ ਅੱਗੇ ਗੰਗੂ ਮੋਢੇ ਭੂਰਾ ਲੋਈ,

ਬੁੱਲ੍ਹਾ ਹੀਰ ਸਲੇਟੀ ਵੇਖੋ ਕਿੱਥੇ ਜਾ ਖਲੋਈ,

ਰਾਂਝਾ-ਰਾਂਝਾ ਕਰਦੀ ਨੀਂ ਮੈਂ ਆਪੇ ਰਾਂਝਾ ਹੋਈ॥[51]

ਹੀਰ ਰਾਂਝੇ ਦੀ ਪ੍ਰੀਤ ਕਥਾ ਸਮੇਂ ਦੇ ਇਤਿਹਾਸਕ ਪ੍ਰਵਾਹ ਦੋਰਾਨ ਬੁੱਲ੍ਹੇ ਦੇ ਸਮੇਂ ਦੇ ਸਮਾਜ ਤੱਕ ਪੁੱਜਦਿਆਂ ਲੋਕਾਂ ਦੇ ਦਿਲਾਂ ਨੂੰ ਪ੍ਰਭਾਵਿਤ ਕਰਨ ਲੱਗ ਪਈ ਸੀ।ਸਮਾਜ ਵਿਚਲੇ ਪੇਂਡੂ ਵਾਤਾਵਰਨ ਵਿੱਚ ਲੋਕ ਸੱਥਾਂ,ਪਰ੍ਹਿਆਂ 'ਚ ਬੈਠੇ ਇਸ ਕਥਾ ਨੂੰ ਗਾ ਕੇ ਆਪਸੀ ਸ਼ੁਗ਼ਲ ਕਰਦੇ ਹੋਣਗੇ।ਜਿਵੇਂ ਕਿ:

[51] ਉਹੀ, ਪੰਨਾ-61

ਹੀਰ ਰਾਂਝਣ ਦੇ ਹੋ ਗਏ ਮੇਲੇ,

ਭੁੱਲੀ ਹੀਰ ਢੂਡੇਂਦੀ ਬੇਲੇ,

ਰਾਂਝਣ ਯਾਰ ਬੁੱਕਲ ਵਿੱਚ ਖੇਲੇ,

ਮੈਨੂੰ ਸੁਧ ਰਹੀ ਨਾ ਸਾਰ,

ਇਸ਼ਕ ਦੀ ਨਵੀਉਂ ਨਵੀਂ ਬਹਾਰ।[52]

ਇਥੇ ਬੁੱਲ੍ਹਾ ਇਸ਼ਕ ਮਜਾਜ਼ੀ ਦੀ ਮਿਸਾਲ ਪੇਸ਼ ਕਰਦਾ ਹੋਇਆ 'ਹੀਰ' ਦੇ ਚਿੰਨ੍ਹ ਨੂੰ ਆਤਮਾ ਦੇ ਰੂਪ ਲਈ ਅਤੇ ਰਾਂਝੇ ਦੇ ਚਿੰਨ੍ਹ ਨੂੰ ਰੱਬ ਦੇ ਵਜੋਂ ਹੋਂਦ ਵਿੱਚ ਲਿਆਉਂਦਾ ਹੈ।ਉੱਥੇ ਬੁੱਲ੍ਹਾ ਇਸ਼ਕ ਮਜਾਜ਼ੀ ਦੀ ਮਿਸਾਲ ਦੇ ਕੇ ਮਨੁੱਖ ਦੀ ਆਤਮਾ ਨੂੰ ਝੰਜੋੜਦਾ ਹੋਇਆ ਉਸ ਨੂੰ ਪ੍ਰਮਾਤਮਾ ਨਾਲ ਇਸ਼ਕ ਕਰਨ ਲਈ ਪ੍ਰੇਰਿਤ ਕਰਦਾ ਹੈ।

ਇਸ਼ਕ ਹੋਰੀਂ ਹੀਰ ਵੱਲ ਧਾਏ,

ਤਾਂਹੀਏ ਰਾਂਝੇ ਕੰਨ ਪੜਵਾਏ,

ਸਾਹਿਬਾ ਨੂੰ ਜਦ ਵਿਆਹੁਣ ਆਏ,

ਸਿਰ ਮਿਰਜ਼ੇ ਦਾ ਵਾਰਿਆ ਈ,

ਰਹੁ-ਰਹੁ ਵੇ ਇਸ਼ਕਾ ਮਾਰਿਆ ਈ।[53]

[52] ਉਹੀ, ਪੰਨਾ-63
[53] ਉਹੀ, ਪੰਨਾ-64

ਉਪਰੋਕਤ ਚਿੰਨ੍ਹਾਂ ਤੋਂ ਇਲਾਵਾ ਜਿਵੇਂ ਸ਼ੀਰੀ-ਫ਼ਰਿਆਦ,ਲੈਲਾ-ਮਜਨੂੰ ਨਾਲ ਸੰਬੰਧਿਤ ਹੋਰ ਵੀ ਕਈ ਚਿੰਨ੍ਹ ਬੁੱਲ੍ਹੇ ਸ਼ਾਹ ਦੀਆਂ ਰਚਨਾਵਾਂ ਵਿੱਚ ਮਿਲਦੇ ਹਨ।ਉਹ ਇਹਨਾਂ ਦੁਨਿਆਵੀ ਪ੍ਰੀਤ ਦੇ ਚਿੰਨ੍ਹਾਂ ਰਾਹੀਂ ਹੀ ਪ੍ਰਭੂ-ਪ੍ਰੀਤ ਦੀ ਤਸਵੀਰ ਚਿਤਰਦਾ ਹੈ। ਇਸ਼ਕ ਮਜਾਜ਼ੀ ਦੀਆਂ ਮਿਸਾਲਾਂ ਦੇ ਕੇ ਉਹ ਆਪਣੇ ਕਾਵਿ ਵਿੱਚ ਪ੍ਰਭੂ ਇਸ਼ਕ ਦੀ ਗੱਲ ਇੱਕ ਵੱਖਰੇ ਅੰਦਾਜ਼ ਵਿੱਚ ਕਰਦਾ ਹੈ।

ਫ਼ਰਹਾਦ ਕੋਟ ਕਟਾ ਕੇ ਸ਼ੀਰੀਂ ਰਲ ਗਿਆ,

ਵੇਖੋ ਨੀ ਪਿਆਰਾ ਸੁਫ਼ਨੇ ਮੈਂ ਛਲ ਗਿਆ।

ਬੁੱਲ੍ਹੇ ਦੁਆਰਾ 'ਲੈਲਾ-ਮਜਨੂੰ ਚਿੰਨ੍ਹ ਰੂਪ ਵਿੱਚ ਲੈ ਕੇ ਕੀਤੀ ਗਈ ਬਿਆਨਬਾਜ਼ੀ ਕਲਾਮਈ ਪੱਧਰ ਤੇ ਵੀ ਵੱਖਰੀ ਹੋਂਦ ਗ੍ਰਹਿਣ ਕਰਦੀ ਹੈ।

ਇਸ਼ਕ ਲੈਲਾ ਦੇ ਧੁੰਮਾਂ ਪਈਆਂ,

ਤਾਂ ਮਜਨੂੰ ਨੇ ਅੱਖੀਆਂ ਲਾਈਆਂ,

ਉਹਨੂੰ ਧਾਰਾਂ ਇਸ਼ਕ ਚੁੰਘਾਈਆਂ,

ਖੂਹੇ ਬਰਸ ਗੁਜ਼ਾਰਿਆ ਈ,

ਰਹੁ-ਰਹੁ ਵੇ ਇਸ਼ਕਾ ਮਾਰਿਆ ਈ।[54]

ਇਹਨਾਂ ਚਿੰਨ੍ਹਾਂ ਤੋਂ ਇਲਾਵਾ ਕਲਾਮ ਬੁੱਲ੍ਹੇ ਸ਼ਾਹ ਵਿੱਚ ਹੋਰ ਵੀ ਕਈ ਚਿੰਨ੍ਹ ਹਨ,ਜਿਹੜੇ ਸਮਾਜਿਕ ਰਿਸ਼ਤਿਆਂ ਦਾ ਪ੍ਰਗਟਾ ਬਾਖ਼ੂਬੀ ਕਰਦੇ ਹਨ।ਇਹ ਚਿੰਨ੍ਹ ਬੁੱਲ੍ਹੇ ਦੇ ਸਮੇਂ ਦੇ ਸਮਾਜ ਵਿੱਚ ਪ੍ਰਚੱਲਿਤ ਰਿਸ਼ਤਿਆਂ ਤੋਂ ਜਾਣੂ ਕਰਵਾਉਣ ਦੇ

[54] ਉਹੀ, ਪੰਨਾ-65

ਨਾਲ-ਨਾਲ ਇਹਨਾਂ ਰਿਸ਼ਤਿਆਂ ਦੀ ਸਮਾਜ ਵਿੱਚ ਹੋਂਦ ਤੇ ਮਹੱਤਤਾ ਤੇ ਚਾਨਣਾ ਪਾਉਂਦੇ ਹਨ। ਸਮਾਜਿਕ ਰਿਸ਼ਤਿਆਂ ਦੇ ਚਿੰਨ੍ਹਾਂ ਰਾਹੀਂ ਬੁੱਲ੍ਹਾ ਰਹੱਸਵਾਦੀ ਪੱਧਰ ਤੇ ਪਹੁੰਚ ਕੇ ਇਹਨਾਂ ਦੁਨਿਆਵੀ ਰਿਸ਼ਤਿਆਂ ਦਾ ਮੋਹ, ਵਿਰੋਧ, ਝਮੇਲੇ ਛੱਡ ਕੇ ਇਸ਼ਕ ਹਕੀਕੀ ਤਕ ਪੁੱਜਣ ਦਾ ਸੰਦੇਸ਼ ਦਿੰਦਾ ਹੈ।

ਈਸਾ ਨੂੰ ਬਿਨ ਬਾਪ ਜੰਮਾਇਆ, ਨੂਹੇ ਪਰ ਤੁਫ਼ਾਨ ਮੰਗਾਇਆ,

ਨਾਲ ਪਿਉ ਦੇ ਪੁੱਤਰ ਲੜਾਇਆ, ਡੋਬ ਉਨ੍ਹਾਂ ਨੂੰ ਮਾਰਿਆ ਈ।[55]

ਬੁੱਲ੍ਹਾ ਦੱਸਦਾ ਹੈ ਕਿ ਇਹ ਭੈਣ-ਭਾਈ, ਬੇਟਾ-ਬੇਟੀ,ਪਤੀ-ਪਤਨੀ ਆਦਿ ਸਭ ਕੇਵਲ ਆਪਣੇ ਰਿਸ਼ਤੇ ਦੇ ਜਾਨ ਨੂੰ ਹੀ ਨਹੀਂ ਰੋਂਦੇ ਬਲਕਿ ਆਪਣੇ ਸਵਾਰਥ ਤੇ ਸੁੱਖਾ ਲਈ ਰੋਂਦੇ ਹਨ ਉਸ ਦੇ ਮਰਦੇ ਹੀ ਇਹ ਸਾਰੇ ਜਾਇਦਾਦ ਦੇ ਵਾਰਿਸ ਬਣਨ ਦੇ ਢੰਗ ਲੱਭਣ ਲੱਗ ਗਏ ਹਨ।

ਅੰਮਾ ਬਾਬਾ ਬੇਟੀ, ਪੁੱਛ ਵੇਖਾਂ ਕਿਉਂ ਰੋਂਦੇ ਨੀ,

ਰੰਨਾ ਕੰਜਕਾ ਭੈਣ-ਭਾਈ, ਵਾਰਸ ਆਣ ਖਲੋਂਦੇ ਨੀ।[56]

ਬੇਸ਼ੱਕ ਇੱਥੇ ਬੁੱਲ੍ਹੇ ਨੇ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਮਨੁੱਖ ਆਪਣੇ ਸੁੱਖਾਂ ਲਈ ਹੀ ਮਰਨ ਵਾਲੇ ਤੇ ਵਿਰਲਾਪ ਕਰਦਾ ਹੈ। ਅਸਲ 'ਚ ਹੀ ਉਹ ਇਸ ਸਮਾਜਿਕ ਤੇ ਵਿਅਕਤੀ ਸੱਚ ਵਿਰੋਧ ਚੋਂ ਹੀ ਅਸਲ ਸੱਚ ਦੀ ਅਭਿਵਿਅਕਤੀ ਕਰਨਾ ਚਾਹੁੰਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਨਿਰਸਵਾਰਥ ਵਿਛੋੜੇ ਦਾ ਵਿਰਲਾਪ ਮਨੁੱਖ ਅੰਦਰ ਦਰਦ ਤੇ ਸੋਹਜ ਪੈਦਾ ਕਰਦਾ ਹੈ। ਤੇ ਇਹ ਦਰਦ ਤੇ ਸੋਹਜ ਹੀ ਸਾਡੇ ਅੰਦਰ ਉਸ ਦੇ ਮਿਲਾਪ ਦੀ ਤਾਂਘ ਪੈਦਾ ਕਰਦਾ ਹੈ।

ਹੁਣ ਮੈ ਮੋਈ ਨੀ ਮੇਰੀਏ ਮਾਂ,

[55] ਉਹੀ, ਪੰਨਾ-66
[56] ਉਹੀ, ਪੰਨਾ-67

ਪੂਣੀ ਮੇਰੀ ਲੈ ਗਿਆ ਕਾਂ,

ਡੋ-ਡੋ ਕਰਦੀ ਮਗਰੇ ਜਾ,

ਪੂਣੀ ਦੇ ਦੇਈਂ ਸਾਈਂ ਦੇ ਨਾ।[57]

ਮਾਵਾਂ ਦੀਆਂ ਦਾ ਜੋ ਸੰਕਲਪ ਬੁੱਲ੍ਹੇ ਦੀਆਂ ਸਤਰਾਂ ਨੂੰ ਪੜ੍ਹ ਕੇ ਪਾਠਕ ਦੇ ਮ,ਨ ਵਿੱਚ ਇੱਕ ਬਿੰਬ ਵਜੋਂ ਉੱਭਰਦਾ ਹੈ ਉਹ ਚਿੰਨ੍ਹਤ ਪੱਖ ਤੋਂ ਵੀ ਪਾਠਕ ਨੂੰ ਵੀ ਜਾਣੂ ਕਰਵਾ ਦਿੰਦੇ ਹਨ। ਬੁੱਲ੍ਹੇ ਨੇ ਸਮਾਜਿਕ ਵਿਵਸਥਾ ਵਿਚਲੇ ਮਨੁੱਖ ਰਿਸ਼ਤਿਆਂ ਤੋਂ ਪਾਠਕ ਨੂੰ ਜਾਣੂ ਸਫਲ ਯਤਨ ਕਰਿਆ ਹੈ। ਧੀਆਂ-ਭੈਣਾਂ ਦਾ ਚਿੰਨ੍ਹ ਸਮਾਜਿਕ ਪੱਧਰ ਤੇ ਇੱਜ਼ਤ ਤੇ ਮਾਣ ਦੇ ਰੂਪ ਵਿੱਚ ਪੇਸ਼ ਹੁੰਦਾ ਹੈ। ਚਿੰਨ੍ਹਕ ਤੇ ਚਿੰਨ੍ਹਤ ਦੋਹਾਂ ਰੂਪਾਂ ਦੀ ਪੱਧਰ ਤੇ ਬੁੱਲ੍ਹੇ ਸ਼ਾਹ ਦੇ ਵਿਅਕਤੀਗਤ ਰਿਸ਼ਤਿਆਂ ਨਾਲ ਸੰਬੰਧਿਤ ਚਿੰਨ੍ਹ ਆਪੋ-ਆਪਣੇ ਵਿਚਾਰ ਪ੍ਰਗਟ ਕਰਨ ਵਿੱਚ ਸਫਲ ਹੁੰਦੇ ਹਨ। ਇਸ ਪੱਧਰ ਤੇ ਬੁੱਲ੍ਹਾ ਜਿੱਥੇ ਚਿੰਨ੍ਹ ਰੂਪ ਪੇਸ਼ ਕਰਨ ਵਿੱਚ ਸਫਲ ਹੈ, ਉੱਥੇ ਨਾਲ ਹੀ ਉਹ ਇਹ ਦੱਸਣ ਲਈ ਯਤਨਸ਼ੀਲ ਹੈ ਕਿ ਧੀਆਂ-ਭੈਣਾਂ ਦੀ ਇੱਜ਼ਤ ਮਾਪਿਆਂ ਦੀ ਸ਼ਾਨ ਹੁੰਦੀ ਹੈ।

ਧੀਆਂ ਭੈਣਾਂ ਸਭ ਵਿਆਹਵਣ,

ਪਰਦੇ ਆਪਣੇ ਆਪ ਕਜਾਵਣ।[58]

ਸਮਾਜਿਕ ਜੀਵਨ ਵਿਚਲੇ ਪਰਿਵਾਰਿਕ ਸੰਬੰਧਾਂ ਵਿੱਚ ਪੈ ਰਹੀਆਂ ਤਰੇੜਾਂ ਦਾ ਬੁੱਲ੍ਹੇ ਨੂੰ ਅਨੁਭਵ ਹੈ। ਉਹ ਪਰਿਵਾਰਿਕ ਜੀਵਨ ਵਿਚਲੀਆਂ ਦੂਰੀਆਂ ਨੂੰ ਚਿੰਨ੍ਹਾਤਮਕ ਸ਼ਬਦਾਵਲੀ ਰਾਹੀਂ ਪ੍ਰਗਟਾਉਂਦਾ ਹੈ ਸੋ ਬੁੱਲ੍ਹੇ ਨੇ ਕੇਵਲ ਸਮਾਜਿਕ ਰਿਸ਼ਤਿਆਂ ਦੇ ਦੁਨਿਆਵੀ ਸੱਚ ਨੂੰ ਹੀ ਨਹੀਂ ਬਿਆਨਿਆਂ ਬਲਕਿ ਇਹਨਾਂ ਰਿਸ਼ਤਿਆਂ ਦੇ ਵਿਰੋਧੀ ਪਰਪੰਚ ਵਿਚੋਂ ਉਸ ਸਮੇਂ ਦੀ ਤਸਵੀਰਕਸ਼ੀ ਇਵੇਂ ਕੀਤੀ ਹੈ ਕਿ ਉਹ ਸੱਚ ਕੇਵਲ ਉਸ ਸਮੇਂ ਦਾ ਹੀ ਨਹੀਂ ਸਗੋਂ ਅੱਜ ਦੇ ਸੱਚ ਦਾ ਹੀ

---

[57] ਉਹੀ, ਪੰਨਾ-67

[58] ਉਹੀ, ਪੰਨਾ-68

ਉਹ ਕੋਝਾ ਰੂਪ ਹੈ ਜਿਸ ਨੂੰ ਵਾਚਣ ਲਈ ਉਸ ਸਮੇਂ ਦੇ ਸਮਾਜਿਕ ਸੰਦਰਭ ਵਿੱਚ ਜਾ ਕੇ ਅਜੋਕੇ ਯੁੱਗ ਦੇ ਸੱਚ ਦੀ ਪ੍ਰੋੜ੍ਹਤਾ ਬਹੁਤ ਹੀ ਵਧੀਆਂ ਢੰਗ ਨਾਲ ਕੀਤੀ ਜਾ ਸਕਦੀ ਹੈ। ਬੁੱਲ੍ਹੇ ਨੂੰ ਸਮਾਜਿਕ ਰਿਸ਼ਤੇ ਝੂਠ ਦੀ ਪਰਤ ਹੇਠ ਦੱਬਦੇ ਨਜ਼ਰ ਆਉਂਦੇ ਹਨ:

ਅੰਮਾ ਬਾਬੇ ਚੋਰ ਦੋ ਰਾਹਾਂ ਦੇ, ਪੁੱਤਰ ਦੀ ਵਡਿਆਈ।

ਧਾਣੇ ਉੱਤੋਂ ਗੁੱਤ ਬਿਗੁੱਤੀ, ਘਰ ਘਰ ਪਈ ਲੜਾਈ[59]

ਬੁੱਲ੍ਹੇ ਸ਼ਾਹ ਇੱਕ ਅਜਿਹਾ ਸੂਫ਼ੀ ਕਵੀ ਹੋਇਆ ਹੈ , ਜਿਸ ਨੇ ਉਸ ਸਮੇਂ ਦੇ ਸਮਾਜਿਕ ਪੱਖ ਵਿਚਲੇ ਚਿੰਨ੍ਹ ਵਰਤ ਕੇ ਜਿੱਥੇ ਆਪਣੀ ਕਵਿਤਾ ਨੂੰ ਸ਼ਿੰਗਾਰਿਆ ਹੈ ਉੱਥੇ ਨਾਲ ਹੀ ਪਾਠਕਾਂ ਦੀ ਰੁਚੀ ਨੂੰ ਵਧਾਉਂਦੇ ਹੋਏ ਉਨ੍ਹਾਂ ਦੇ ਗਿਆਨ ਵਿੱਚ ਵੀ ਵਾਧਾ ਕੀਤਾ ਹੈ।

ਇੱਕ ਵਿਛੋੜਾ ਸਈਆਂ ਦਾ, ਜਿਉਂ ਡਾਰੋਂ ਕੂੰਜ ਵਿਛੁੰਨੀ,

ਮਾਪਿਆ ਮੈਨੂੰ ਇਹ ਕੁੱਝ ਦਿੱਤਾ ਇੱਕ ਚੋਲੀ ਇੱਕ ਚੁੰਨੀ,

ਦਾਜ ਇਹਨਾਂ ਦਾ ਵੇਖ ਕੇ ਮੈਂ ਹੰਝੂ ਭਰ-ਭਰ ਰੁੰਨੀ,

ਸੱਸ ਨਨਾਣਾਂ ਦੇਵਨ ਤਾਅਨੇ ਮੁਸ਼ਕਲ ਭਾਰੀ ਪੁੰਨੀ।[60]

ਸੱਸ ਦੇ ਚਿੰਨ੍ਹ ਰਾਹੀਂ ਬੁੱਲ੍ਹਾ ਮਨੁੱਖ ਦੇ ਮਨ ਅੰਦਰ ਇੱਕ ਡਰ ਸਿਰਜ ਕੇ ਉਸ ਨੂੰ ਚੰਗੇ ਕੰਮਾਂ ਦਾ ਦਾਜ ਤਿਆਰ ਕਰਨ ਲਈ ਪ੍ਰੇਰਦਾ ਤੇ ਚੇਤੰਨ ਕਰਦਾ ਹੈ। ਇਸ ਸਾਰੇ ਢਅਧਿਐਨ ਤੋਂ ਕੇਵਲ ਪੰਜਾਬੀ ਰਿਸ਼ਤਿਆਂ ਦੀ ਅਭਿਵਿਅਕਤੀ ਹੀ ਨਹੀਂ ਹੁੰਦੀ ਸਗੋਂ ਇਹਨਾਂ ਰਿਸ਼ਤਿਆਂ ਦੀ ਸਮਾਜਿਕ ਪਹਿਚਾਣ ਤੇ ਭੂਮਿਕਾ ਵੀ ਉੱਘੜਦੀ ਹੈ ਹਰ ਸਮਾਜ ਵਿੱਚ

[59] ਉਹੀ, ਪੰਨਾ-69
[60] ਉਹੀ, ਪੰਨਾ-71

ਹਰ ਰਿਸ਼ਤੇ ਦੀ ਵੱਖਰੀ ਪਛਾਣ ਤੇ ਥਾਂ ਹੈ। ਜਿਵੇਂ ਪੰਜਾਬੀ ਸਮਾਜ ਵਿੱਚ ਨਾਨਕੇ ਤੇ ਦਾਦਕੇ ਪਰਿਵਾਰ ਦੇ ਵੱਖਰੀ-ਵੱਖਰੀ ਹੋਂਦ ਹੈ।

ਇਸ ਅਭਿਵਿਅਕਤੀ ਨੂੰ ਬੁੱਲ੍ਹਾ ਕੇਵਲ ਰਿਸ਼ਤਿਆਂ ਦੇ ਮੇਲ ਚੋਂ ਹੀ ਨਹੀਂ ਸਗੋਂ ਵਿਰੋਧਤਾ ਵਿਚੋਂ ਵੀ ਪੇਸ਼ ਕਰਦਾ ਹੈ। ਇਹ ਇੱਕ ਸਮਾਜਿਕ ਸੱਚ ਹੈ ਕਿ ਦਾਦੀਆਂ, ਤਾਈਆਂ, ਚਾਚੀਆਂ ਤੇ ਨਣਦ-ਭਰਜਾਈ ਦਰਾਣੀ ਜਠਾਣੀ ਆਦਿ ਦਾ ਵਿਰੋਧ ਚਲਦਾ ਆ ਰਿਹਾ ਹੈ।

## ਸਭਿਆਚਾਰਕ ਪੱਖ ਤੋਂ ਵਿਦਰੋਹੀ ਚੇਤਨਾ

ਸਭਿਆਚਾਰਕ ਆਪਣੇ ਆਪ ਵਿੱਚ ਇੱਕ ਅੱਤ ਵਿਸ਼ਾਲ ਸੰਕਲਪ ਹੈ ਜਿਸ ਵਿੱਚ ਕਿਸੇ ਜਨ ਸਮੂਹ ਜਾਂ ਮਨੁੱਖੀ ਖੇਤਰ ਵਿਚਲੀਆਂ ਉਹ ਕਿਰਿਆਵਾਂ ਜਾ ਕਾਰਜ ਦੇ ਤਰੀਕੇ ਆ ਜਾਂਦੇ ਹਨ । ਜਿਹਾ ਰਾਹੀਂ ਇੱਕ ਮਨੁੱਖੀ ਸਮਾਜ ਦੂਜੇ ਤੋਂ ਵੱਖਰੇ ਰੂਪ ਵਿੱਚ ਪੇਸ਼ ਹੁੰਦਾ ਹੈ । ਸਭਿਆਚਾਰਕ ਮਨੁੱਖੀ ਸਮਾਜ ਦਾ ਸਰਵ ਵਿਆਪਕ ਵਰਤਾਰਾ ਹੈ

ਕਰੋਬਰ ਅਤੇ ਕਲੱਕਹੋਣ ਅਨੁਸਾਰ -

ਸਭਿਆਚਾਰਕ ਵਿੱਚ ਵਿਹਾਰ ਦੇ ਅਤੇ ਵਿਹਾਰ ਲਈ ਪ੍ਰਤੱਖ ਅਤੇ ਪਰੋਖ ਪੈਟਰਨ ਆ ਜਾਂਦੇ ਹਨ ਜਿਹੜੇ ਪ੍ਰਤੀਕਾਂ ਰਾਹੀ ਗ੍ਰਹਿਣ ਕੀਤੇ ਜਾਂਦੇ ਹਨ ਅਤੇ ਦੂਜਿਆਂ ਤੱਕ ਪਹੁੰਚਾਏ ਜਾਂਦੇ ਹਨ।[61]

ਬੁੱਲ੍ਹੇ ਸ਼ਾਹ ਨੇ ਆਪਣੇ ਸੂਫ਼ੀਆਨਾ ਵਿਚਾਰਾ ਦਾ ਪ੍ਰਗਟਾਵਾ ਕਾਵਿ ਰੂਪ ਗੰਢਾਂ ਰਾਹੀਂ ਵੀ ਕੀਤਾ ਹੈ। ਤੇ ਰਸਮਾਂ ਰਿਵਾਜ਼ਾਂ ਨਾਲ ਸੰਬੰਧਿਤ ਹੋਰ ਵੀ ਕਈ ਚਿੰਨ੍ਹਾਂ ਨੂੰ ਆਪਣੀਆਂ ਕਾਫ਼ੀਆਂ ਵਿੱਚ ਵੀ ਬਾਖ਼ੂਬੀ ਪੇਸ਼ ਕਰਦਾ ਹੈ। ਬੁੱਲ੍ਹਾ 'ਡੋਲੀ' ਦਾ ਚਿੰਨ੍ਹ ਵਰਤ ਕੇ ਰਸਮਾਂ ਸੰਬੰਧੀ ਜਾਣੂ ਕਰਾਉਂਦਾ ਹੈ ਕਿ ਵਿਆਹ ਕਰ ਕੇ ਮਾਪੇ ਧੀ ਨੂੰ ਡੋਲੀ ਬਿਠਾ ਕੇ ਸਹੁਰੇ ਘਰ ਤੋਰ ਦਿੰਦੇ ਹਨ।ਇਹ ਰੀਤ ਦੁਨਿਆਵੀ ਚੱਲੀ ਆ ਰਹੀ ਹੈ। ਪ੍ਰੰਤੂ ਬੁੱਲ੍ਹਾ ਇਸੇ ਰਸਮ ਰਾਹੀਂ ਅਧਿਆਤਮਕ ਪੱਧਰ ਦੇ

[61] ਉਹੀ, ਪੰਨਾ-73

ਵਿਚਾਰ ਪੇਸ਼ ਕਰਦਾ ਹੈ ਕਿ ਜਿਸ ਤਰ੍ਹਾਂ ਧੀ ਦਾ ਮਾਤਾ-ਪਿਤਾ ਅੱਗੇ ਕੋਈ ਗੋਰ ਨਹੀਂ ਚੱਲਦਾ, ਉਸ ਨੂੰ ਸਹੁਰੇ ਘਰ ਜਾਣਾ ਹੀ ਪੈਂਦਾ ਹੈ, ਠੀਕ ਇਸੇ ਤਰ੍ਹਾਂ ਮਨੁੱਖ ਦਾ ਪ੍ਰਮਾਤਮਾ ਅੱਗੇ ਕੋਈ ਜ਼ੋਰ ਨਹੀਂ। ਉਸ ਨੂੰ ਮੌਤ ਉਪਰੰਤ ਇੱਥੇ ਜਾਣਾ ਹੀ ਪੈਦਾ ਹੈ।

ਡੋਲੀ ਪਾ ਕੇ ਲੈ ਚੱਲੇ ਖੇੜੇ, ਨਾ ਕੁੱਝ ਉਜ਼ਰ ਨਾ ਜ਼ੋਰ।

ਸਾਡੇ ਵੱਲ ਮੁੱਖੜਾ ਮੋੜ।[62]

ਜਿੱਥੇ ਬੁੱਲ੍ਹੇ ਨੇ ਡੋਲੀ ਅਤੇ ਖੇੜੇ ਦੇ ਚਿੰਨ੍ਹ ਰਾਹੀਂ ਪੇਕੇ ਘਰ ਤੋਂ ਸਹੁਰੇ ਘਰ ਦੇ ਦੁਨਿਆਵੀ ਸਫ਼ਰ ਦੀ ਰੀਤ ਨੂੰ ਪ੍ਰਗਟ ਕੀਤਾ ਹੈ, ਉੱਥੇ ਦੁਨਿਆਵੀ ਪੱਧਰ ਤੇ ਮਨੁੱਖ ਨੂੰ ਇਸ ਸੰਸਾਰ ਤੋਂ ਤੁਰ ਜਾਣ ਦਾ ਸੰਕੇਤ ਦਿੱਤਾ ਹੈ।

ਚਰਖਾ ਇੱਕ ਸਭਿਆਚਾਰਕ ਚਿੰਨ੍ਹ ਹੈ ਬੁੱਲੇ ਸ਼ਾਹ ਨੇ ਆਪਣੇ ਕਾਵਿ ਵਿੱਚ ਬਹੁਤ ਮਾਤਰਾ ਵਿੱਚ ਚਰਖੇ ਨੂੰ ਚਿੰਨ੍ਹ ਰੂਪ ਵਿੱਚ ਵਰਤਿਆਂ ਹੈ।

ਤੂੰ ਚਰਖੇ ਤੰਦ ਨਾ ਪਾਈ ਏ,

ਕੀ ਕਰਸੇ ? ਦਾਜ ਤਿਆਰ ਨਹੀਂ[63]

ਪੁਰਾਤਨ ਸਮੇਂ ਵਿੱਚ ਕੁੜੀਆਂ ਸਾਰਾ ਸਾਰਾ ਦਿਨ ਚਰਖਾ ਕੱਤਦੀਆਂ ਰਹਿੰਦੀਆਂ ਸਨ। ਇਸ ਤਰ੍ਹਾਂ ਉਹ ਆਪਣੇ ਵਿਆਹ ਲਈ ਦਾਜ ਵੀ ਤਿਆਰ ਕਰਦੀਆਂ ਹਨ। ਜਿੱਥੇ ਉਹ ਚਰਖੇ ਦੇ ਚਿੰਨ੍ਹ ਨੂੰ ਵਰਤ ਕੇ ਦੁਨਿਆਵੀ ਸਿਸਟਮ ਰਾਹੀ ਮਨੁੱਖ ਨੂੰ ਗਿਆਨ ਦੇਣ ਦਾ ਨਾਲ-ਨਾਲ ਸੁਚੇਤ ਵੀ ਕਰਦਾ ਹੈ ਉੱਥੇ ਉਹ ਇਸ ਸਭਿਆਚਾਰਕ ਚਿੰਨ੍ਹ ਦੇ ਬਾਹਰੀ ਅਰਥਾਂ ਰਾਹੀਂ ਉਸ ਦੇ ਅਸਲ ਚਿੰਨ੍ਹਾਂ ਦੇ ਉਸ ਪੱਖ ਨੂੰ ਪੇਸ਼ ਕਰਦਾ ਹੈ। ਜਿਹੜਾ ਮਨੁੱਖ ਨੂੰ ਦੁਨਿਆਵੀ ਕਾਰਜਾਂ ਰਾਹੀਂ ਉਸ ਸੱਚੀ ਲਗਨ ਤੇ ਸੱਚੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੰਦਾ ਹੈ।

---

[62] ਉਹੀ, ਪੰਨਾ–74
[63] ਉਹੀ, ਪੰਨਾ–75

## BULLEH SHAH DIYAN KAFIYA WICH VIDROHI CHETNA

ਤੇਰਾ ਸਾਹਾ ਨੇੜੇ ਆਇਆ ਏ,

ਕੁੱਝ ਚੋਲੀ ਦਾਜ ਰੰਗਾਇਆ ਏ,

ਕਿਉਂ ਆਪਣਾ ਆਪ ਵੰਜਾਇਆ ਏ,

ਐ ਗਾਫ਼ਲ ਤੈਨੂੰ ਸਾਰ ਨਹੀਂ।

ਉੱਠ ਜਾਗ ਘੁਰਾੜੇ ਮਾਰ ਨਹੀਂ।[64]

ਇਸ ਤਰ੍ਹਾ ਬੁੱਲ੍ਹੇ ਨੇ ਦੁਨਿਆਵੀ ਪੱਧਰ ਤੇ ਮਨੁੱਖੀ ਆਤਮਾ ਨੂੰ ਹਲੂਣ ਕੇ ਰਹੱਸ ਮਈ ਰੂਪ ਵਿੱਚ ਆਪੇ ਨੂੰ ਸੰਵਾਰਨ ਤੇ ਸਹੀ ਕਾਰਜਾਂ ਵੱਲ ਪ੍ਰੇਰਿਤ ਕੀਤਾ ਹੈ। ਬੁੱਲ੍ਹਾ ਚਰਖੇ ਦੇ ਕਿਰਿਆਤਮਿਕ ਪ੍ਰਯੋਗ ਰਾਹੀਂ ਮਨੁੱਖ ਨੂੰ ਇੱਕ ਸਿਸਟਮ ਬਾਰੇ ਸੁਚੇਤ ਕਰਦਾ ਹੈ।ਇਸ ਦੇ ਨਾਲ ਹੀ ਉਹ ਚਰਖੇ ਦੇ ਉਪਯੋਗਾਂ ਬਾਰੇ ਦੱਸਦੇ ਹੋਏ ਮਨੁੱਖ ਨੂੰ ਨੇਕ ਕੰਮ ਕਰਨ ਲਈ ਪ੍ਰੇਰਦਾ ਹੈ। ਕਿਉਂ ਕਿ ਨੇਕ ਅਮਲਾਂ ਕਾਰਨ ਹੀ ਪ੍ਰਭੂ ਦੇ ਦਰਗਾਹ ਵਿੱਚ ਨਵੇੜਾ ਹੁੰਦਾ ਹੈ।

ਚਰਖਾ ਤੇਰਾ ਰੰਗ ਰੰਗੀਲਾ,

ਰੀਸ ਕਰੇਂਦਾ ਸਭ ਕਬੀਲਾ,

ਚਲਦੇ ਚਾਰੇ ਕਰ ਲੈ ਹੀਲਾ,

ਹੋ ਘਰ ਦੇ ਵਿੱਚ ਆਵਾਦਾਨ ਕੁੜੇ,

ਕਰ ਕੱਤਣ ਵੱਲ ਧਿਆਨ ਕੁੜੇ,

ਇਸ ਚਰਖੇ ਦੀ ਕੀਮਤ ਭਾਰੀ,

---

[64] ਉਹੀ, ਪੰਨਾ-76

ਤੂੰ ਕੀ ਜਾਣੇ ਕਦਰ ਗਵਾਰੀ,

ਉੱਚੀ ਨਜ਼ਰ ਫਿਰੇ ਹੰਕਾਰੀ,

ਵਿੱਚ ਆਪਣੇ ਸ਼ਾਹ ਗੁਮਾਨ ਕੁੜੇ,

ਕਰ ਕੱਤਣ ਵੱਲ ਧਿਆਨ ਕੁੜੇ।[65]

ਉਪਰੋਕਤ ਸਤਰਾਂ ਵਿੱਚ ਮਨੁੱਖ ਨੂੰ ਹੰਕਾਰ ਛੱਡ ਕੇ ਨੀਵਾਂ ਹੋ ਕੇ ਚੱਲਣ ਲਈ ਵੀ ਪ੍ਰੇਰਿਤ ਕੀਤਾ ਗਿਆ ਹੈ ਕਿ ਇਸ ਸਰੀਰ ਰੂਪੀ ਚਰਖੇ ਨੂੰ ਚਲਾਉਣ ਲਈ ਕਈ ਵਸਤਾਂ ਦੀ ਜ਼ਰੂਰਤ ਹੁੰਦੀ ਹੈ। ਇਵੇਂ ਹੀ ਮਨ ਰੂਪੀ ਚਰਖੇ ਲਈ ਪਰਮਾਤਮਾ ਦੇ ਨਾਮ ਦੀ ਬਹੁਤ ਜ਼ਰੂਰਤ ਹੈ।

ਮੁੱਢੋਂ ਦੀ ਤੂੰ ਰਿਜਕ ਵਿਹੂਣੀ,

ਗੋਹੜਿਉਂ ਨਾ ਕੱਤੀ ਪੂਣੀ,

ਹੁਣ ਕਿਉਂ ਫਿਰਦੀ ਨਿੰਮੋਝੂਣੀ,

ਕਿਸਦਾ ਕਰੇ ਗੁਮਾਨ ਕੁੜੇ।

ਕਰ ਕੱਤਣ ਵੱਲ ਧਿਆਨ ਕੁੜੇ[66]

ਤੱਕਲੇ ਦਾ ਸਬੰਧ ਵੀ ਚਰਖੇ ਨਾਲ ਹੈ ਬੁੱਲ੍ਹੇ ਨੇ ਚਰਖੇ ਦੇ ਸਹਾਇਕ ਚਿੰਨ੍ਹਾਂ ਰਾਹੀਂ ਵੀ ਆਪਣੇ ਭਾਵ ਪ੍ਰਗਟ ਕੀਤੇ ਹਨ। ਇਹਨਾਂ ਚਿੰਨ੍ਹਾਂ ਰਾਹੀਂ ਵੀ ਬੁੱਲ੍ਹਾ ਵਾਰ ਵਾਰ ਆਪਣੇ ਭਾਵ ਪ੍ਰਮਾਤਮਾ ਦਾ ਨਾਮ ਸਿਮਰਨ ਕਰਨ ਸੁਚੇਤ ਕਰਦਾ ਹੈ।

---

[65] ਉਹੀ, ਪੰਨਾ-77

[66] ਉਹੀ,

ਨਾ ਤਕਲਾ ਰਾਸ ਕਰਾਵੇਂ ਤੂੰ,

ਨਾ ਬਾਇੜ ਮਾਲ ਪਵਾਵੇ ਤੂੰ,

ਕਿਉਂ ਘੜੀ ਮੁੜੀ ਚਰਖਾ ਚਾਵੈ ਤੂੰ,

ਕਰਨੀ ਏ ਆਪਣਾ ਜ਼ਿਆਨ ਕੁੜੇ।

ਡਿਗਾ ਤੱਕਲਾ ਰਾਸ ਕਰਾ ਲੈ,

ਨਾਲ ਸ਼ਤਾਬੀ ਬਾਇੜ ਪਵਾ ਲੈ,

ਜਿਉਂ ਕਰ ਵਗੈ ਤਿਵੇਂ ਵਗਾ ਲੈ,

ਮਤ ਕਰ ਕੋਈ ਅਗਿਆਨ ਕੁੜੇ।[67]

ਤ੍ਰਿਞਣ ਵਿਚ ਕੁੜੀਆਂ ਇਕੱਠੀਆਂ ਹੋ ਕੇ ਇੱਕ ਜਗ੍ਹਾ ਬਹਿ ਕੇ ਚਰਖਾ ਕੱਤਦਿਆਂ, ਦਰੀਆਂ ਬੁਣਦਿਆਂ ਆਦਿ ਕਾਰਜ ਕਰਦਿਆਂ ਹਨ।ਇਹਨਾਂ ਦੇ ਇੱਕ ਜਗ੍ਹਾ ਬੈਠ ਕੇ ਇਕੱਠ ਵਿਚ ਕੰਮ ਕਰਨ ਨੂੰ ਤ੍ਰਿਞਣ ਦਾ ਨਾ, ਦਿੱਤਾ ਗਿਆ ਹੈ।ਕਰਿਞਣ ਸਬੰਧੀ ਦੇਖਿਆਂ ਜਾਵੇ ਤਾਂ ਜਿੱਥੇ ਇਹ ਇੱਕ ਪਾਸੇ ਕੰਮ ਕਰਨ ਦਾ ਸਾਧਨ ਸੀ। ਉੱਥੇ ਇਕੱਠ ਵਿਚ ਕੁੜੀਆਂ ਦਾ ਆਪਸੀ ਮਨ ਪਰਚਾਵਾ ਕਰਨ ਦਾ ਵੀ ਸਾਧਨ ਵੀ ਸੀ । ਤ੍ਰਿਞਣ ਦੀ ਮਿਸਾਲ ਦੇ ਕੇ ਬੁੱਲ੍ਹਾ ਅਧਿਆਤਮਿਕ ਰੂਪ ਵਿਚ ਆਪਣੇ ਵਿਚਾਰ ਪ੍ਰਗਟ ਕਰਦਾ ਹੈ।

ਚਲੋ ਦੇਖਇ ਉਸ ਮਸਤਾਨੜੇ ਨੂੰ,

ਜਿੰਦੀ ਤ੍ਰਿਞਣ ਦੇ ਵਿਚ ਪਈ ਏ ਧੁੰਮ,

[67] ਉਹੀ, ਪੰਨਾ-78

ਉਹ ਤੇ ਮੈਂ ਵਹਿਦਤ ਵਿਚ ਰੰਗਦਾ ਏ,

ਨਹੀਂ ਪੁੱਛਦਾ ਜਾਤ ਦੇ ਕੀ ਹੋ ਤੁਮ[68]

ਸੰਦੂਕ ਵੀ ਪੰਜਾਬੀ ਸਭਿਆਚਾਰ ਦੀ ਤਰਜਮਾਨੀ ਕਰਦਾ ਬੈ ਇਸ ਨੂੰ ਜੇਕਰ ਸਮਾਜਿਕ ਸੰਦਰਭ ਵਿਚ ਰੱਖ ਕੇ ਦੇਖੀਏ ਤਾਂ ਇਹ ਪੁਰਾਤਨ ਸਮੇਂ ਦੇ ਸਮਾਜ ਵਿਚਲੇ ਸਭਿਆਚਾਰ ਦੀ ਤਸਵੀਰ ਸਾਹਮਣੇ ਉਘਾੜਦਾ ਹੈ। ਪੁਰਾਣੇ ਜ਼ਮਾਨਿਆਂ ਵਿਚ ਸੰਦੂਕ ਨੂੰ ਬਹੁਤ ਅਹਿਮੀਅਤ ਦਿੱਤੀ ਜਾਂਦੀ ਸੀ ।ਜਿਸ ਤਰਾਂ ਦੁਨਿਆਵੀ ਇਸਤਰੀ ਦੀ ਆਮ ਸੰਦੂਕ ਨਾਲੋਂ ਸ਼ੀਸ਼ਿਆਂ ਨਾਲ ਜੜਿਆ ਤੇ ਵਸਤਾਂ ਨਾਲ ਭਰਿਆ ਸੰਦੂਕ ਮਿਲਣ ਤੇ ਸਹੁਰੇ ਘਰ ਇੱਜ਼ਤ ਹੁੰਦੀ ਹੈ,ਉਸੇ ਤਰਾਂ ਪ੍ਰਮਾਤਮਾ ਦੇ ਨਾਮ-ਸਿਮਰਨ ਨੂੰ ਸਹੀ ਅਰਥਾਂ ਵਿੱਚ ਹਿਰਦੇ ਵਿੱਚ ਵਸਾਉਣ ਨਾਲ ਮਨੁੱਖ ਦੀ ਪ੍ਰਮਾਤਮਾ ਦੀ ਦਰਗਾਹ ਵਿੱਚ ਇੱਜ਼ਤ ਹੁੰਦੀ ਹੈ।

ਉਨ੍ਹਾਂ ਭਰੇ ਸੰਦੂਕ ਵਿਖਾਲੇ,

ਮੈਨੂੰ ਰੀਝਾਂ ਆਈਆਂ,

ਵੇਖੇ ਲਾਲ ਸੁਹਾਨੇ ਸਾਰੇ,

ਇੱਕ ਤੋਂ ਇੱਕ ਸਵਾਏ।[69]

ਸੰਦੂਕ ਨੂੰ ਜ਼ਾਤੀ ਵਾਚਕ ਰੂਪ ਤੋਂ ਭਾਵ ਵਾਚੀ ਰੂਪ ਦੇ ਕੇ ਬੁੱਲ੍ਹਾ ਦ੍ਰਿਸ਼ਟਮਾਨ ਵਸਤ ਨੂੰ ਅਦ੍ਰਿਸ਼ਟ ਮਾਨ ਹੁੰਦੇ ਹੋਏ ਵੀ ਉਸ ਨੂੰ ਪਾਠਕ ਸਾਹਮਣੇ ਦ੍ਰਿਸ਼ਟਮਾਨ ਕਰਨ ਦੀ ਕੋਸ਼ਿਸ਼ ਕਰਦਾ ਹੈ।

ਖਾਵੇ ਰਾਸ ਚਬਾਵੇਂ ਬੀੜੇ ਅੰਗ ਪੁਸ਼ਾਕ ਲਗਾਇਆ ਈ,

[68] ਉਹੀ, ਪੰਨਾ-79
[69] ਉਹੀ, ਪੰਨਾ-80

ਟੇਢੀ ਪੱਗੜੀ ਅੱਕੜ ਚੱਲੇ,ਜੁੱਤੀ ਪੈਰ ਅੜਾਇਆ ਈ।[70]

ਇਸੇ ਤਰ੍ਹਾਂ ਬੁੱਲ੍ਹਾ ਲੋਈ,ਚਿੱਟੀ ਚਾਦਰ ਨੂੰ ਵੀ ਵਿਰੋਧਕ ਰੂਪ ਵਜੋਂ ਚਿੰਨ੍ਹ ਰੂਪ ਵਿੱਚ ਵਰਤਦਾ ਹੈ।ਇਹਨਾਂ ਚਿੰਨ੍ਹਾਂ ਰਾਹੀਂ ਬੁੱਲ੍ਹਾ ਮਨੁੱਖ ਨੂੰ ਝੂਠੀ,ਦਿਖਾਵੇ ਵਾਲੀ ਜ਼ਿੰਦਗੀ ਨੂੰ ਇੱਕ ਪਾਸੇ ਰੱਖ ਕੇ ਪਰਮਾਤਮਾ ਨਾਲ ਪਿਆਰ ਕਰਨ ਤੇ ਸਾਦਾ ਜੀਵਨ ਜਿਊਣ ਦੀ ਸਲਾਹ ਦਿੰਦਾ ਹੈ।

ਚਿੱਟੀ ਚਾਦਰ ਲਾਹ ਸੁੱਟ ਕੁੜੀਏ,

ਪਹਿਨ ਫ਼ਕੀਰਾਂ ਦੀ ਲੋਈ,

ਚਿੱਟੀ ਚਾਦਰ ਨੂੰ ਦਾਗ ਲੱਗੇਗਾ,

ਲੋਈ ਨੂੰ ਦਾਗ ਨਾ ਕੋਈ।[71]

ਬੁੱਲ੍ਹਾ ਚਿੱਟੇ ਤੇ ਕਾਲੇ ਰੰਗ ਦੇ ਵਿਰੋਧ ਚੋਂ ਸਕਾਰਾਤਮਿਕ ਅਰਥਾਂ ਦੀ ਥਾਂ ਨਕਾਰਾਤਮਿਕ ਅਰਥਾਂ ਦੀ ਅਭਿਵਿਅਕਤੀ ਕਰਦੇ ਹੋਏ ਕਾਲੇ ਰੰਗ ਦੇ ਨਕਾਰਾਤਮਿਕ ਅਰਥ ਦੀ ਇੱਥੇ ਸਕਾਰਾਤਮਿਕ ਰੂਪ ਵਿੱਚ ਵਰਤੋਂ ਕਰ ਕੇ ਇਹ ਦੱਸਣਾ ਚਾਹੁੰਦਾ ਹੈ ਕਿ ਇਹਨਾਂ ਰੰਗਾਂ ਦੇ ਭੁਲੇਖਿਆਂ ਚੋਂ ਬਾਹਰ ਨਿਕਲ ਕੇ ਮਨੁੱਖ ਨੂੰ ਆਪਣੇ ਅਸਲੀ ਰੰਗ ਦੀ ਪਛਾਣ ਕਰਨ ਦੀ ਲੋੜ ਹੈ।

ਤੇਰੇ ਨਾਲ ਦੀਆਂ ਦਾਜ਼ ਰੰਗਾਏ ਨੀ,

ਉਨ੍ਹਾਂ ਸੂਹੇ ਸਾਲੂ ਪਾਏ ਨੀਂ,

ਤੂੰ ਪੈਰ ਉਲਟੇ ਕਿਉਂ ਚਾਏ ਨੀਂ,

[70] ਉਹੀ, ਪੰਨਾ-81
[71] ਉਹੀ

ਜਾਂ ਲੱਗੀ ਤੱਤ ਕੁੜੇ,

ਕੱਤ ਕੁੜੇ ਨਾ ਵੱਤ ਕੁੜੇ।[72]

ਇਸ ਚਿੰਨ੍ਹ ਰਾਹੀਂ ਉਹ ਸਭਿਆਚਾਰਕ ਰੀਤੀ -ਰਿਵਾਜ਼ਾਂ ਦੀ ਪੇਸ਼ਕਾਰੀ ਕਰਦਾ ਹੈ।ਇਸ ਨੂੰ ਅਧਿਆਤਮਕ ਅਰਥਾਂ ਵਿੱਚ ਲੈ ਕੇ ਉਸ ਅਨੁਸਾਰ ਇੱਕ ਪਰਦੇਦਾਰੀ ਉਸ ਦੇ ਅਤੇ ਉਸ ਦੇ ਰੱਬ ਵਿਚਕਾਰ ਹੈ।

ਇਸ ਕਾ ਮੁੱਖ ਇੱਕ ਜੋਤ ਹੈ,

ਘੁੰਗਟ ਹੈ ਸੰਸਾਰ।

ਘੁੰਗਟ ਮੇਂ ਵੋਹ ਛੁੱਪ ਗਿਆ,

ਮੁੱਖ ਪਰ ਆਂਚਲ ਡਾਰ।

ਬੁੱਲ੍ਹਾ ਬਾਤ ਅਨੋਖੀ ਏਹਾ,

ਨੱਚਣ ਲੱਗੀ ਤਾਂ ਘੁੰਗਟ ਕੇਹਾ,

ਤੁਸੀਂ ਪਰਦਾ ਅੱਖੀਂ ਥੀ ਲਾਹੋ,

ਤੁਸੀਂ ਰਲ ਮਿਲ ਨਾਮ ਧਿਆਉ।[73]

ਇਹ ਚਿੰਨ੍ਹ ਇਸਤਰੀ ਦੀ ਅਵਸਥਾ,ਉਸ ਦੀ ਰਹਿਤ-ਬਹਿਤ ਨੂੰ ਦਰਸਾਉਂਦਾ ਹੈ।ਭਾਵ ਕਿ ਇਸਤਰੀ ਨੂੰ ਆਪਣਾ ਸਰੂਪ ਘੁੰਗਟ ਵਿੱਚ ਛਿਪਾ ਕੇ ਰੱਖਣਾ ਪੈਂਦਾ ਹੈ।ਬੁੱਲ੍ਹਾ ਦੁਨਿਆਵੀ ਇਸਤਰੀ ਦੀ ਜਾਗਰੂਕਤਾ ਰਾਹੀਂ ਅਧਿਆਤਮਕ

[72] ਉਹੀ, ਪੰਨਾ-82
[73] ਉਹੀ, ਪੰਨਾ-83

ਪੱਧਰ ਤੇ ਮਨੁੱਖ  ਅੰਦਰ ਜਾਗਰੂਕਤਾ ਪੈਦਾ ਕਰ ਕੇ ਉਸ ਪਰਮਾਤਮਾ ਸਾਹਮਣੇ ਸਾਰੇ ਪਰਦੇ ਲਾਹ ਕੇ ਆਪਾ ਸੌਂਪਣ ਦਾ ਸੰਦੇਸ਼ ਦਿੰਦਾ ਹੈ:

ਘੁੰਗਟ ਚੁੱਕ ਓ ਸੱਜਦਾ ਹੁਣ ,ਸ਼ਰਮਾਂ ਕਾਹਨੂੰ ਰੱਖੀਆਂ ਵੇ,

ਜੁਲਫ਼ ਕੁੰਡਲ ਨੇ ਘੇਰਾ ਪਾਇਆ,ਬਿਸੀਅਰ ਹੋ ਕੇ ਡੰਗ ਚਲਾਇਆ,

ਵੇਖ ਅਸਾਂ ਵੱਲ ਤਰਸ ਨਾ ਆਇਆ,ਕਰ ਕੇ ਖ਼ੂਨੀ ਅੱਖੀਆਂ ਵੇ।[74]

ਬੁੱਲ੍ਹੇ ਨੇ ਆਪਣੇ ਕਲਾਮ ਅੰਦਰ ਵੀ ਔਰਤ ਨੂੰ ਅਜ਼ਾਦੀ ਨਾਲ ਜ਼ਿੰਦਗੀ ਜ਼ਿਊਣ ਦਾ ਸੰਦੇਸ਼ ਦਿੱਤਾ ਹੈ।

ਸਿਰ ਮਖਫ਼ੀ ਦਾ ਜਿਸ ਦੰਮ ਬੋਲਾ,

ਘੁੰਗਟ ਆਪਣੇ ਮੂੰਹ ਸੇ ਖੋਲਾ,

ਹੁਣ  ਕਿਉਂ ਕਰਦਾ ਸਾਥੋਂ ਉਹਲਾ,

ਸਭ ਵਿੱਚ ਹਕੀਕਤ ਆਈ ਜੇ,

ਕੀ ਕਰਦਾ ਬੇਪਰਵਾਹੀ ਜੇ।

ਘੁੰਗਟੇ ਓਹਲੇ ਨਾ ਲੁੱਕ ਸੋਹਣਿਆ,

ਮੈਂ ਮੁਸ਼ਤਾਕ ਦੀਦਾਰ ਦੀ ਹਾਂ।[75]

---

[74] ਉਹੀ, ਪੰਨਾ-83
[75] ਉਹੀ, ਪੰਨਾ-84

ਸੋ ਇਸ ਤਰਾਂ੍ਹ ਬੁੱਲ੍ਹਾ ਉਪਰੋਕਤ ਸਤਰਾਂ ਰਾਹੀਂ ਦੁਨਿਆਵੀ ਪੱਧਰ ਤੇ ਇਸਤਰੀ ਦੇ ਘੁੰਗਟ ਨੂੰ ਚਿੰਨ੍ਹ ਰੂਪ ਵਿੱਚ ਵਰਤ ਕੇ ਪਰਮਾਤਮਾ ਅੱਗੇ ਪਰਦਾ ਨਾ ਕਰ ਕੇ ਉਸ ਦੇ ਨਾਮ-ਸਿਮਰਨ ਵਿਚ ਲੀਨ ਹੋਣ ਲਈ ਪ੍ਰੇਰਿਤ ਕਰਦਾ ਹੈ।ਅੰਤਿਮ ਰੂਪ ਵਿੱਚ ਬੁੱਲ੍ਹਾ ਘੁੰਗਟ ਚਿੰਨ੍ਹ ਵਰਤ ਕੇ ਇਹ ਦੱਸਣ ਦਾ ਯਤਨ ਕਰਦਾ ਹੈ ਕਿ ਇਸ ਘੁੰਗਟ ਨੂੰ ਹਟਾ ਕੇ ਪੂਰਨਤਾ ਦੀ ਪੱਧਰ ਤੇ ਪਹੁੰਚ ਕੇ ਆਪਣਾ ਆਪ ਗਵਾ ਕੇ ਭਾਵ 'ਮੈਂ' ਨੂੰ ਛੱਡ ਕੇ 'ਤੂੰ' ਵਿੱਚ ਅਭੇਦ (ਇਕਰੂਪ) ਹੋ ਜਾਣ ਦੀ ਖ਼ੁਸ਼ੀ ਨੂੰ ਬਿਆਨ ਦਾ ਹੈ:

ਨੀ ਸਈਓ ਮੈਂ ਗਈ ਗਵਾਤੀ,

ਖੋਲ੍ਹ ਘੁੰਗਟ ਮੁੱਖ ਨਾਚੀ।[76]

ਬੁੱਲ੍ਹਾ ਸਮਾਜਿਕ ਕੰਮ-ਕਾਰਾਂ ਨੂੰ ਸਨਮੁੱਖ ਰੱਖਦਾ ਹੋਇਆ ਰੰਗ-ਬਰੰਗੀਆਂ ਰੂਹਾਨੀ ਤਸਵੀਰਾਂ ਖਿੱਚ ਕੇ ਨਿੱਤ-ਜੀਵਨ ਦੇ ਚਿੰਨ੍ਹਾਂ ਰਾਹੀਂ ਸਮਾਜਿਕ ਜੀਵਨ ਦੇ ਯਥਾਰਥ ਦੀ ਪੇਸ਼ਕਾਰੀ ਕਰਦਾ ਹੈ।ਉਹ ਆਤਮਾ ਤੇ ਪਰਮਾਤਮਾ ਦੇ ਪਰਸਪਰ ਸੰਬੰਧਾਂ ਰਾਹੀਂ ਨਾਸ਼ਵਾਨ ਜੀਵਨ ਦੇ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਨ ਲਈ ਵੀ ਚਿੰਨ੍ਹਾਂ ਦੀ ਵਰਤੋਂ ਕਰਦਾ ਹੈ।

ਪਾਣੀ ਭਰ ਭਰਾ ਗਈਆਂ ਸਭੇ ਆਪੋ ਆਪਣੀ ਵਾਰ,

ਇੱਕ ਭਰ ਆਈਆਂ ਇੱਕ ਭਰ ਚੱਲੀਆਂ,

ਇੱਕ ਖਲ਼ੀਆਂ ਬਾਂਹ ਪਸਾਰ।

ਹਾਰ ਹਮੇਲਾਂ ਪਾਈਆਂ ਗਲ ਵਿੱਚ ਬਾਂਹੀ ਛਣਕੇ ਚੂੜਾ,

ਕੰਨੀਂ ਬੁੱਕ-ਬੁੱਕ ਮਛਰੀਆਲੇ ਸਭ ਆਡੰਬਰ ਕੂੜਾ।[77]

---

[76] ਉਹੀ,
[77] ਉਹੀ, ਪੰਨਾ-85

ਉਪਰੋਕਤ ਸਤਰਾਂ ਵਿੱਚ 'ਹਾਰ ਹਮੇਲਾਂ ਅਤੇ ਨਾਲ ਹੀ 'ਮਛਰੀਆਲੇ' ਆਦਿ ਚਿੰਨ੍ਹਾਂ ਰਾਹੀਂ 'ਹਾਰ ਸ਼ਿੰਗਾਰ' ਦੀ ਦੁਨਿਆਵੀ ਵਰਤੋਂ ਦੱਸ ਕੇ ਅਧਿਆਤਮਕ ਪੱਧਰ ਤੇ ਮਨੁੱਖ ਨੂੰ ਇਹਨਾਂ ਸਭ ਝੂਠੀਆਂ ਵਸਤਾਂ ਤੋਂ ਗੁਰੇਜ਼ ਕਰਨ ਅਤੇ ਪੂਰਨ ਰੂਪ ਵਿੱਚ ਪਰਮਾਤਮਾ ਅੱਗੇ ਆਪਣਾ ਆਪ ਅਰਪਿਤ ਕਰਨ ਦਾ ਸੰਦੇਸ਼ ਦਿੱਤਾ ਹੈ।ਬੁੱਲ੍ਹੇ ਦਾ ਵਿਚਾਰ ਹੈ ਕਿ ਜੇਕਰ ਉਸ ਨੇ ਆਪਣੇ ਵਿੱਚ ਸਾਰੇ ਗੁਣ ਲੈ ਆਂਓਦੇ ਹਨ ਤਾਂ ਫਿਰ ਉਸ ਨੂੰ ਉਦਾਸ ਨਹੀਂ ਹੋਣਾ ਪੈਂਦਾ।ਬੁੱਲ੍ਹਾ ਇਸ 'ਚੂੜੇ-ਬੀੜੇ' ਦੇ ਅੰਦਰੂਨੀ ਅਰਥ ਦੀ ਵਿਆਖਿਆ ਰਾਹੀਂ ਮਨੁੱਖੀ ਮਨ ਵਿੱਚ ਖੇੜਾ,ਖ਼ੁਸ਼ੀ ਅਤੇ ਉਸ ਨੂੰ ਪਰਮਾਤਮਾ ਦੀ ਦਰਗਾਹ ਵਿੱਚ ਸਤਿਕਾਰ ਪਾਉਣ ਦਾ ਰਾਹ ਦੱਸਦਾ ਹੈ:

ਬੁੱਲ੍ਹਾ ਸ਼ਹੁ ਘਰ ਆਪਣੇ ਆਵੇ,

ਚੂੜਾ-ਬੀੜਾ ਸਭ ਸੁਹਾਵੇ,

ਗੁਣ ਹੋਸੀ ਤਾਂ ਗਲੇ ਲਗਾਵੇ,

ਨਹੀਂ ਰੋਸੇ ਨੈਣੀ ਰੱਤ ਕੁੜੇ,

ਕੱਤ ਕੁੜੇ ਨਾ ਵੱਤ ਕੁੜੇ।[78]

ਇਸ ਤੋਂ ਇਲਾਵਾ ਬੁੱਲ੍ਹੇ ਸ਼ਾਹ ਨੇ ਆਪਣੇ ਕਾਵਿ ਵਿੱਚ ਮੁਰਸ਼ਦ ਨੂੰ ਪਾਉਣ ਲਈ ਇਸ਼ਕ ਰੂਪੀ ਸ਼ਰਾਬ ਪੀਣ ਦਾ ਸੰਦੇਸ਼ ਦਿੱਤਾ ਹੈ:

ਬੁੱਲ੍ਹਾ ਸ਼ਾਹ ਅਨਾਇਤ ਕਰ ਕੇ,ਸ਼ੌਕ ਸ਼ਰਾਬ ਦਿਤੋਈ,

ਭਲਾ ਹੋਇਆ ਅਸੀਂ ਦੂਰੋਂ ਛੁੱਟੇ ਨੇੜੇ ਆਣ ਲਧੋਈ।[79]

---

[78] ਉਹੀ, ਪੰਨਾ-87
[79] ਉਹੀ, ਪੰਨਾ-89

ਬੁੱਲ੍ਹਾ ਰੱਬ ਦੀ ਭਗਤੀ 'ਚ ਮਸਤ ਹੋਣ ਲਈ ਕੇਵਲ ਪ੍ਰਭੂ ਦੇ ਇਸ਼ਕ ਦੀ ਸ਼ਰਾਬ ਪੀਣ ਦੀ ਹਿਦਾਇਤ ਹੀ ਨਹੀਂ ਦਿੰਦਾ,ਸਗੋਂ ਇਸ ਇਸ਼ਕ ਦੇ ਲੋਰ 'ਚ ਮਨੁੱਖ ਨੂੰ ਰੱਬ ਦਾ ਘਰ ਲੁੱਟਣ ਭਾਵ ਨਾਮ-ਸਿਮਰਨ ਕਰ ਕੇ ਉਸ ਨੂੰ ਪਾਉਣ ਦਾ ਰਾਹ ਵੀ ਦੱਸਦਾ ਹੈ।

ਪੋਸਤ ਆਖੇ ਮਿਲੇ ਅਫ਼ੀਮ,ਬੰਦਾ ਭਾਲੇ ਕਦਰ ਕਰੀਮ,

ਨਾ ਕੋਈ ਦਿਸੇ ਗਿਆਨ ਹਕੀਮ,ਅਕਲ ਤੁਹਾਡੀ ਜਾਈ।[80]

ਪੋਸਤ,ਬੀੜੀ,ਅਫ਼ੀਮ ਨੂੰ ਕੇਵਲ ਪੰਜਾਬੀ ਸਭਿਆਚਾਰ ਵਿੱਚ ਹੀ ਨਹੀਂ ,ਸਗੋਂ ਹਰ ਸਭਿਆਚਾਰ ਵਿੱਚ ਬੁਰਾ ਮੰਨਿਆ ਜਾਂਦਾ ਹੈ।ਪ੍ਰੰਤੂ ਬੁੱਲ੍ਹਾ ਇੱਥੇ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਇਹਨਾਂ ਨਸ਼ੀਲੀਆਂ ਵਸਤਾਂ ਦੇ ਨਸ਼ੇ ਨਾਲ ਰੱਬ ਜਾਂ ਪਿਆਰੇ ਦੀ ਪ੍ਰਾਪਤੀ ਨਹੀਂ ਹੁੰਦੀ,ਇਹ ਚੀਜ਼ਾਂ ਮਨੁੱਖ ਅੰਦਰ ਦੁੱਖ ਹੀ ਪੈਦਾ ਕਰਦੀਆਂ ਹਨ।ਇਹਨਾਂ ਵਿਕਾਰਾਂ ਤੋਂ ਬਚਣ ਲਈ ਹਕੀਮ ਦੀ ਜ਼ਰੂਰਤ ਹੈ ਤੇ ਸੱਚਾ ਹਕੀਮ ਪਰਮਾਤਮਾ ਹੈ।ਇਸ ਤਰਾਂ ਬੁੱਲੇ ਦਾ ਸਭਿਆਚਾਰਕ ਸਰੂਪ ਅਧਿਆਤਮਕ ਹੈ,ਕਿਉਂਕਿ ਮਨੁੱਖ ਦੇ ਧਾਰਮਿਕ ਸੰਦਰਭ ਤੇ ਅੰਦਰੂਨੀ ਵਿਚਾਰਾਂ ਨੂੰ ਘੋਖਦਿਆਂ ਸਭਿਆਚਾਰ ਦੀ ਅਭਿਵਿਅਕਤੀ ਕੁਦਰਤੀ ਜਾਪਦੀ ਹੈ।

## ਰਾਜਨੀਤਿਕ ਪੱਖ ਤੋਂ ਵਿਦਰੋਹੀ ਚੇਤਨਾ

ਹਰ ਸਮੇਂ ਦੇ ਇਤਿਹਾਸ ਵਿੱਚ ਵੱਖ-ਵੱਖ ਰਾਜਨੀਤਕਾਂ ਦਾ ਯੋਗਦਾਨ ਹੁੰਦਾ ਹੈ,ਜਿਹੜਾ ਉਸ ਸਮੇਂ ਦੀ ਰਾਜਨੀਤਕ ਅਵਸਥਾ ਦੀ ਜਾਣਕਾਰੀ ਵੀ ਦਿੰਦਾ ਹੈ।ਕਿਸੇ ਵੀ ਸਮੇਂ ਦੀ ਰਾਜਨੀਤਕ ,ਧਾਰਮਿਕ ਅਵਸਥਾ ਦਾ ਪ੍ਰਾਪਤ ਵੇਰਵਾ ਜਦੋਂ ਵਰਤਮਾਨ 'ਚ ਕਲਮਬੱਧ ਰੂਪ ਵਿੱਚ ਜਾਂ ਪੀੜ੍ਹੀ-ਦਰ-ਪੀੜ੍ਹੀ ਸੁਣਾ ਕੇ ਦੱਸਿਆ ਜਾਂਦਾ ਹੈ ਤਾਂ ਉਹ ਇਤਿਹਾਸ ਬਣ ਜਾਂਦਾ ਹੈ।

[80] ਉਹੀ, ਪੰਨਾ-90

***Andrew Hacks*** ਅਨੁਸਾਰ :

“the political theory is a combination of a disinterested search for the principals of good state and good society on the one hand and disinterested search for knowledge of political and social reality on the other.[81]

ਰਾਜਨੀਤੀ ਨੂੰ ਪਰਿਭਾਸ਼ਿਤ ਕਰਨ ਲਈ ਬਹੁਤ ਸਾਰੇ ਵਿਚਾਰ ਵੇਖਣ ਨੂੰ ਮਿਲਦੇ ਹਨ।ਹੈਰੋਲਡ ਲਾਸਵੈਲ ਰਾਜਨੀਤੀ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ:

"ਰਾਜਨੀਤੀ ਦਾ ਸੰਬੰਧ ਇਸ ਗੱਲ ਨਾਲ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ:

"ਰਾਜਨੀਤੀ ਦਾ ਸੰਬੰਧ ਇਸ ਗੱਲ ਨਾਲ ਹੈ ਕਿ ਕੌਣ,ਕੀ, ਕਦੋਂ ਅਤੇ ਕਿਵੇਂ ਪ੍ਰਾਪਤ ਕਰਦਾ ਹੈ।

ਬੁੱਲ੍ਹੇ ਸ਼ਾਹ ਨੇ ਆਪਣੇ ਕਾਵਿ ਵਿੱਚ ਰਾਜਨੀਤਕ ਚਿੰਨ੍ਹ ਵੀ ਵਰਤੇ ਹਨ।ਬੁੱਲ੍ਹੇ ਸ਼ਾਹ ਨੇ ਆਪਣੀ ਕਲਮ ਰਾਹੀਂ ਉਸ ਸਮੇਂ ਦੀਆਂ ਰਾਜਨੀਤਕ ਪ੍ਰਸਥਿਤੀਆਂ ਜੋ ਇਤਿਹਾਸ ਬਣ ਵਿਚਰ ਰਹੀਆਂ ਸਨ,ਉਨ੍ਹਾਂ ਨੂੰ ਬੜੇ ਕਲਾਮਈ ਢੰਗ ਨਾਲ ਪੇਸ਼ ਕੀਤਾ ਹੈ।ਉਹ ਇਹਨਾਂ ਪ੍ਰਸਥਿਤੀਆਂ ਦਾ ਜ਼ਿਕਰ ਹੀ ਨਹੀਂ ਕਰਦਾ,ਸਗੋਂ ਜ਼ਹਿਰ ਪਿਆਲਾ ਚਿੰਨ੍ਹ ਰਾਹੀਂ ਉਨ੍ਹਾਂ ਦੇ ਕਿਰਦਾਰ ਦੀ ਵਿਆਖਿਆ ਵੀ ਕਰਦਾ ਹੈ।ਲੋਕਾਂ ਨੂੰ ਆਪਣੀ ਜਾਨ-ਮਾਲ ਦੀ ਸੁਰੱਖਿਆ ਸੰਬੰਧੀ ਸੁਚੇਤ ਕਰਦਾ ਹੈ:

ਮੁਗ਼ਲਾਂ ਜ਼ਹਿਰ ਪਿਆਲੇ ਪੀਤੇ,ਭੂਰੀਆਂ ਵਾਲੇ ਰਾਜੇ ਕੀਤੇ,

ਸਭ ਅਸ਼ਰਫ਼ ਫ਼ਿਰਨ ਚੁੱਪ ਕੀਤੇ,ਭਲਾ ਉਨ੍ਹਾਂ ਨੂੰ ਝਾੜਿਆ ਸੀ।[82]

ਬੁੱਲ੍ਹੇ ਸ਼ਾਹ ਦੀ ਰਚਨਾ ਤੋਂ ਉਸ ਸਮੇਂ ਦੀ ਇਤਿਹਾਸਕ ਸਥਿਤੀ ਦਾ ਸਪਸ਼ਟ ਰੂਪ ਮਿਲਦਾ ਹੈ।ਉਸ ਸਮੇਂ ਦੀ ਅਵਸਥਾ ਨੂੰ ਕਿਆਮਤ ਦੇ ਦਿਨ ਦੀ ਮੁਸੀਬਤ ਕਹਿ ਕੇ ਇਸ ਦੇ ਅਸਹਿ ਹੋਣ ਵੱਲ ਸੰਕੇਤ ਕੀਤਾ ਹੈ:

[81] ਉਹੀ, ਪੰਨਾ-93, (ਉਧਰਿਤ)
[82] ਉਹੀ, ਪੰਨਾ-94

ਜਦੋਂ ਆਪਣੀ ਆਪਣੀ ਪੈ ਗਈ,ਮਾਂ ਧੀ ਨੂੰ ਲੁੱਟ ਕੇ ਲੈ ਗਈ,

ਮੂੰਹ ਬਾਰ੍ਹਵੀਂ ਸਦੀ ਪਸਾਰਿਆ...[83]

ਬੁੱਲ੍ਹਾ ਇਸ ਸਦੀ 'ਚ ਰਿਸ਼ਤਿਆਂ ਦੀ ਪਹਿਚਾਣ ਦੇ ਖ਼ਤਮ ਹੋਣ ਦਾ ਸੰਕੇਤ ਹੀ ਨਹੀਂ ਦੇ ਰਿਹਾ,ਸਗੋਂ ਮਾਂ-ਧੀ ਦੀਆਂ ਵਿਰੋਧੀ ਕਿਰਿਆਵਾਂ ਵਿੱਚ ਉਸ ਸਮੇਂ ਵਿੱਚ ਹੋ ਰਹੀ ਲੁੱਟ-ਪੁੱਟ ਦਾ ਸੰਕੇਤ ਵੀ ਬੜੇ ਹੀ ਕਲਾਤਮਕ ਢੰਗ ਨਾਲ ਦਿੰਦਾ ਹੈ।

ਬੁੱਲ੍ਹੇ ਸ਼ਾਹ ਦੇ ਸਮੇਂ ਭਾਰਤ ਅਤੇ ਵਿਸ਼ੇਸ਼ ਕਰ ਕੇ ਪੰਜਾਬ ਦੇ ਰਾਜਸੀ ਖੇਤਰ ਵਿੱਚ ਲੋਕ ਵੱਡੇ ਪੱਧਰ ਤੇ ਮੁਗ਼ਲ ਸ਼ਾਸਨ ਦੀਆਂ ਵਧੀਕੀਆਂ ਦਾ ਸ਼ਿਕਾਰ ਹੋ ਰਹੇ ਸਨ।ਪੰਜਾਬ ਦਾ ਵਸਨੀਕ ਹੋਣ ਕਰ ਕੇ ਬੁੱਲ੍ਹੇ ਦੇ ਮੰਨ ਉੱਪਰ ਵਿਸ਼ੇਸ਼ ਪ੍ਰਭਾਵ ਪਿਆ ਤੇ ਦੇਸ਼ ਦੀ ਮੰਦਹਾਲੀ ਤੋਂ ਅੱਖਾਂ ਮੀਟ ਕੇ ਵੀ ਨਹੀਂ ਰਹਿ ਸਕਿਆ:

ਦਰ ਖੁੱਲ੍ਹਾ ਹਸ਼ਰ ਅਜ਼ਾਬ ਦਾ,

ਬੁਰਾ ਹਾਲ ਹੋਇਆ ਪੰਜਾਬ ਦਾ।[84]

ਇਸ ਗੱਲ ਦਾ ਸਪਸ਼ਟੀਕਰਨ ਉਸ ਦੇ ਕਾਵਿ ਤੋਂ ਹੋ ਜਾਂਦਾ ਹੈ ਕਿ ਰਾਜਨੀਤਕ ਖੇਤਰ ਉਸ ਸਮੇਂ ਅਸ਼ਾਂਤੀ ਅਤੇ ਅਰਾਜਕਤਾ ਦਾ ਸ਼ਿਕਾਰ ਹੋ ਚੁੱਕਾ ਸੀ।

ਕਿਤੇ ਤੇਗ਼ ਬਹਾਦਰ ਗ਼ਾਜ਼ੀ ਹੋ,

ਆਪੇ ਆਪਣਾ ਕਟਕ ਚੜ੍ਹਾਈਦਾ।[85]

---

[83] ਉਹੀ, ਪੰਨਾ- 95
[84] ਉਹੀ, ਪੰਨਾ-94
[85] ਉਹੀ, ਪੰਨਾ-96

ਬੁੱਲ੍ਹਾ ਤੇਗ਼ ਬਹਾਦਰ ਚਿੰਨ੍ਹ ਨੂੰ ਵਿਰੋਧਕ ਇਕਾਈਆਂ ਦੇ ਰੂਪ ਵਿਚ ਵਰਤਦਾ ਹੋਇਆ ਜਿੱਥੇ ਇੱਕ ਪਾਸੇ ਜਗਤ ਗੁਰੂ(ਤੇਗ਼ ਬਹਾਦਰ) ਦੇ ਰੂਪ ਵਿੱਚ ਪੇਸ਼ ਕਰਦਾ ਹੈ ਉੱਥੇ ਦੂਜੇ ਪਾਸੇ ਸੱਚੇ ਗੁਰੂ ਦੇ ਵਿਰੋਧ 'ਚੋਂ ਹੀ ਝੂਠੇ ਜਗਤ ਗੁਰੂ ਬਣੇ ਕਾਜ਼ੀਆਂ ਦੇ ਕਿਰਦਾਰ ਦੀ ਅਭਿਵਿਅਕਤੀ ਕਰਦੇ ਹੋਏ ਉਹਨਾਂ ਦੇ ਕਿਰਦਾਰ ਤੇ ਟਿੱਪਣੀ ਵੀ ਕਰਦਾ ਹੈ:

ਕਹੂੰ ਗਾਫ਼ਲ ਕਹੂੰ ਨਮਾਜ਼ੀ ਹੋ,

ਕਹੂੰ ਮੈਂਬਰ ਤੇ ਬਹਿ ਕਾਜ਼ੀ ਹੋ,

ਕਹੂੰ ਤੇਗ਼ ਬਹਾਦਰ ਗ਼ਾਜ਼ੀ ਹੋ,

ਕਹੂੰ ਆਪਣਾ ਪੰਥ ਬਣਾਇਆ ਹੈ,

ਤੈਂ ਆਪ ਸਰੂਪ ਵਟਾਇਆ ਹੈ।[86]

ਤੇਗ਼ ਬਹਾਦਰ ਚਿੰਨ੍ਹ ਰਾਹੀਂ ਬੁੱਲ੍ਹਾ ਚਿੰਨ੍ਹ ਦੀ ਕਾਲ ਕ੍ਰਮਿਕ ਵਿਧੀ ਦੀ ਵਰਤੋਂ ਵੀ ਕਰ ਜਾਂਦਾ ਹੈ।ਇਹ ਵਿਧੀ ਗਤੀਸ਼ੀਲ ਹੁੰਦੀ ਹੈ।ਬੁੱਲ੍ਹੇ ਦੀ ਇਸ ਚਿੰਨ੍ਹ ਦੀ ਵਰਤੋਂ ਪਾਠਕ ਦੇ ਮਨ ਅੰਦਰ ਅੱਜ ਵੀ ਸੱਚੇ ਤੇ ਝੂਠੇ ਗੁਰੂ ਦੀ ਪਹਿਚਾਣ ਪ੍ਰਤੀ ਸੁਚੇਤ ਤੇ ਚੇਤੰਨ ਕਰਦੀ ਹੈ।

ਕਿੱਥੇ ਹੈ ਸੁਲਤਾਨ ਸਿਕੰਦਰ?

ਮੌਤ ਨਾ ਛੱਡੇ ਪੀਰ ਪੈਗ਼ੰਬਰ,

ਸੱਭੇ ਛੱਡ-ਛੱਡ ਗਏ ਆਡੰਬਰ,

ਕੋਈ ਏਥੇ ਪਾਇਦਾਰ ਨਹੀਂ,

[86] ਉਹੀ, ਪੰਨਾ-96-97

ਉਠ ਜਾਗ ਘੁਰਾੜੇ ਮਾਰ ਨਹੀਂ।[87]

ਇਸ ਚਿੰਨ੍ਹ ਰਾਹੀਂ ਉਹ ਅਧਿਆਤਮਕ ਵਿਚਾਰ ਪ੍ਰਗਟ ਕਰਦਾ ਹੈ ਤੇ ਮਨੁੱਖ ਨੂੰ ਨਾਮ-ਸਿਮਰਨ ਲਈ ਉਤਸ਼ਾਹਿਤ ਕਰਦਾ ਹੈ।ਉਸ ਅਨੁਸਾਰ ਮਨੁੱਖ ਨੇ ਸਦਾ ਇੱਥੇ ਨਹੀਂ ਰਹਿਣਾ।

ਜਿਵੇਂ ਸਿਕੰਦਰ ਤਰਫ਼ ਨੌਸ਼ਾਬਾਂ,

ਹੋ ਰਸੂਲ ਲੈ ਆਇਆ ਕਿਤਾਬਾਂ,

ਯੂਸਫ਼ ਹੋ ਕੇ ਅੰਦਰ ਖ਼ੁਆਬਾਂ,

ਜ਼ੁਲੈਖਾ ਦਾ ਦਿਲ ਖੱਸਦੇ ਹੋ,

ਕੀਹਨੂੰ ਲਾ-ਮਕਾਨੀ ਦੱਸਦੇ ਹੋ।[88]

ਇੱਥੇ ਬੁੱਲ੍ਹੇ ਦਾ ਸੁਲਤਾਨ ਸਿਕੰਦਰ ਭਾਸ਼ਾ ਦੀ ਕਾਲ ਕ੍ਰਮਿਕ ਵਿਧੀ ਨੂੰ ਪ੍ਰਗਟਾਉਂਦਾ ਹੈ।ਕਿਉਂਕਿ ਅੱਜ ਵੀ ਇਤਿਹਾਸਕ ਪੱਧਰ ਤੇ ਸੁਲਤਾਨ ਸਿਕੰਦਰ ਨੂੰ ਪਛਾਣਦੇ ਹਾਂ ਤਾਂ ਇੱਕ ਬਾਦਸ਼ਾਹ ਵਜੋਂ ਹੀ ਪਛਾਣਦੇ ਹਾਂ।ਇਸ ਤਰਾਂ ਗਤੀਸ਼ੀਲਤਾ ਵਜੋਂ ਇਹ ਚਿੰਨ੍ਹ ਅੱਜ ਵੀ ਲੋਕ ਮਨ ਵਿੱਚ ਬਾਦਸ਼ਾਹ ਦੇ ਸੰਕਲਪ ਬਿੰਬ ਵਜੋਂ ਬਿਰਾਜਮਾਨ ਹੈ। ਇੱਥੇ ਬੁੱਲ੍ਹਾ ਇੱਕ ਪਾਸੇ ਸਿਕੰਦਰ ਬਾਦਸ਼ਾਹ ਦੀ ਜਾਣਕਾਰੀ ਦਿੰਦਾ ਹੈ। ਦੂਜੇ ਪਾਸੇ ਇਸ ਦੇ ਵਿਰੋਧ ਵਿੱਚ ਮਨੁੱਖ ਨੂੰ ਦੁਨੀਆ ਦੀ ਨਾਸ਼ਵਾਨ ਜ਼ਿੰਦਗੀ ਪ੍ਰਤੀ ਵੀ ਸੁਚੇਤ ਕਰਦਾ ਹੈ ਤੇ ਪਾਠਕ ਨੂੰ ਮਨੁੱਖੀ ਜੀਵਨ ਦੀ ਰਹੱਸਮਈ ਤ੍ਰਾਸਦਿਕ ਹੋਂਦ ਦਾ ਅਹਿਸਾਸ ਵੀ ਕਰਾਉਂਦਾ ਹੈ।

ਜਾਂ ਜ਼ਕਰੀਆ ਰੁੱਖ ਛੁਪਾਇਆ, ਛਪਣਾ ਉਸ ਦਾ ਬੁਰਾ ਮਨਾਇਆ,

[87]ਉਹੀ, ਪੰਨਾ-97

[88] ਉਹੀ, ਪੰਨਾ-97-98

ਆਰਾ ਸਿਰ ਤੇ ਚਾਅ ਵਗਾਇਆ, ਸਣੇ ਰੁੱਖ ਚਰਾਈਦਾ।[89]

ਬੁੱਲ੍ਹੇ ਦੀ ਕਲਮ ਵਿੱਚ ਇੰਨੀ ਸ਼ਕਤੀ ਹੈ ਕਿ ਉਹ ਦੋ ਚਾਰ ਸਤਰਾਂ ਵਿੱਚ ਇੱਕ ਚਿੰਨ੍ਹ ਵਰਤ ਕੇ ਆਪਣੇ ਸਮੇਂ ਦੇ ਹਾਲਤਾਂ ਨੂੰ ਪ੍ਰਗਟਾਉਂਦਾ ਹੋਇਆ ਅਜੋਕੇ ਪਾਠਕ ਨੂੰ ਚੰਗਾ ਜੀਵਨ ਜਿਊਣ ਦੀ ਸੇਧ ਵੀ ਦੇ ਜਾਂਦਾ ਹੈ। ਉਪਰੋਕਤ ਇਤਿਹਾਸਕ ਪਾਤਰਾਂ ਦੇ ਕਿਰਦਾਰ ਤੇ ਕਾਰਜਾਂ ਦੀ ਅਭਿਵਿਅਕਤੀ ਕਰਦਾ ਹੋਇਆ ਪਾਠਕਾਂ ਨੂੰ ਅਧਿਆਤਮਕ ਪੱਧਰ ਤੇ ਸੁਚੇਤ ਕਰਨ ਦਾ ਯਤਨ ਕਰਦਾ ਹੈ।

ਜ਼ਕਰੀਆ ਨੇ ਜਦ ਪਾਇਆ ਕਹਾਰਾ,

ਜਿਸ ਦਮ ਵੱਜਿਆ ਇਸ਼ਕ ਨਕਾਰਾ,

ਧਰਿਆ ਸਿਰ ਤੇ ਤਿੱਖਾ ਆਰਾ,

ਕੀਤਾ ਐਡ ਜਵਾਲਾ।[90]

ਸੋ ਬੁੱਲ੍ਹਾ ਅਜਿਹੀਆਂ ਦੁਨਿਆਵੀ ਮਿਸਾਲਾਂ ਸਿਰਜ ਕੇ ਮਨੁੱਖ ਨੂੰ ਰਹੱਸਮਈ ਰੂਪ ਵਿੱਚ ਪ੍ਰਭੂ ਨਾਲ ਪਿਆਰ ਕਰਨ ਦਾ ਉਪਦੇਸ਼ ਦਿੰਦਾ ਹੈ।

ਭੱਠ ਸੁਲੇਮਾਨ ਨੂੰ ਝੁਕਾਇਓ, ਇਬਰਾਹੀਮ ਚਿਖਾ ਵਿੱਚ ਪਾਇਉ,

ਸਾਬਰ ਦੇ ਤਨ ਕੀੜੇ ਪਾਇਓ, ਹੁਸਨ ਜ਼ਹਿਰ ਦੇ ਮਾਰਿਆ ਈ,

ਰਹੁ-ਰਹੁ ਵੇ ਇਸ਼ਕਾ ਮਾਰਿਆ ਈ।[91]

---

[89] ਉਹੀ, ਪੰਨਾ-98
[90] ਉਹੀ, ਪੰਨਾ-99
[91] ਉਹੀ, ਪੰਨਾ-99

ਉਪਰੋਕਤ ਕਾਫ਼ੀ ਰਾਹੀਂ ਬੁੱਲ੍ਹਾ ਕੇਵਲ ਧਰਮੀ ਬੰਦਿਆਂ ਤੇ ਕੀਤੇ ਤਸੀਹਿਆਂ ਦਾ ਜ਼ਿਕਰ ਹੀ ਨਹੀਂ ਕਰਦਾ ਸਗੋਂ ਧਰਮੀ ਬੰਦਿਆ ਵਿੱਚ ਸਭ ਕੁੱਝ ਸਹਿਣ ਦੀ ਸ਼ਕਤੀ ਦੀ ਅਭਿਵਿਅਕਤੀ ਵੀ ਕਰਦਾ ਹੈ। ਉਹ ਇਹ ਦੱਸਣ ਦੀ ਕੋਸ਼ਿਸ਼ ਵੀ ਕਰਦਾ ਹੈ ਕਿ ਮੌਤ ਸਭ ਲਈ ਨਿਸ਼ਚਿਤ ਹੈ। ਜਿਨ੍ਹਾਂ ਚੀਜ਼ਾਂ ਦੇ ਅਸੀਂ ਦਾਅਵੇਦਾਰ ਬਣਦੇ ਹਾਂ ਉਨ੍ਹਾਂ ਦਾ ਵੀ ਕੋਈ ਭਰੋਸਾ ਨਹੀਂ ਰਿਹਾ।

ਉਸ ਅਨੁਸਾਰ ਲੌਕਿਕ ਸੰਸਾਰ ਦਾ ਵਿਵਹਾਰਿਕ ਪ੍ਰਸਾਰਨ ਵਿਕਾਸਸ਼ੀਲ ਹੈ।

ਏਸ ਜੋਗੀ ਦੇ ਸੁਣੋ ਅਖਾੜੇ,

ਹਸਨ ਹੁਸੈਨ ਨਬੀ ਦੇ ਪਿਆਰੇ,

ਮਾਰਿਓ ਸੂ ਵਿੱਚ ਜਦਾਲ,

ਪਾਣੀ ਬਿਨ ਤਰਸਾ ਕੇ,

ਮੈਂ ਵੇਸਾਂ ਜੋਗੀ ਦੇ ਨਾਲ,

ਮੱਥੇ ਤਿਲਕ ਲਗਾ ਕੇ।[92]

ਇਹ ਹੁਸਨ ਹੁਸੈਨ ਦੇ ਵੀ ਉਸ ਸਮੇਂ ਧਾਰਮਿਕ ਪੈਰੋਕਾਰ ਸਨ, ਜਿਨ੍ਹਾਂ ਨੇ ਰੱਬੀ ਇਸ਼ਕ ਨੂੰ ਜ਼ਿੰਦਗੀ ਦਾ ਮਕਸਦ ਬਣਾਇਆ। ਇਨ੍ਹਾਂ ਨੂੰ ਵੀ ਉਸ ਸਮੇਂ ਦੇ ਜੱਲਾਦਾ ਤੇ ਹਾਕਮਾ ਹੱਥੋਂ ਤਸੀਹੇ ਸਹਿਣੇ ਪਏ ਤੇ ਪਾਣੀ ਤੋਂ ਵੀ ਤਰਸਾ ਤਟ=ਰਸਾ ਕੇ ਮੌਤ ਦਿੱਤੀ ਗਈ। ਪ੍ਰੰਤੂ ਇਨ੍ਹਾਂ ਦੇ ਸਿਦਕ ਨੇ ਹਾਰਨ ਨਾ ਦਿੱਤਾ ਤੇ ਉਹ ਆਪਣੇ ਇਸ਼ਕ ਦੀ ਪ੍ਰਾਪਤੀ ਤੇ ਚੰਗੇ ਰਾਹ ਤੋਂ ਤੁਰਨੋਂ ਨਾ ਹਟੇ।

ਰਹੁ ਇਸ਼ਕਾ ਕੀ ਕਰੇਂ ਅਖਾੜੇ,

---

[92] ਉਹੀ, ਪੰਨਾ-101

ਸ਼ਾਹ ਮਨਸੂਰ ਸੂਲੀ ਤੇ ਚਾੜ੍ਹੇ,

ਆਣ ਬਣੀ ਜਦ ਨਾਲ ਅਸਾਡੇ,

ਬੁੱਲ੍ਹੇ ਮੂੰਹ ਤੋਂ ਲੋਈ ਲਾਹੀ,

ਵੁਖੋ ਨੀ ਕੀ ਕਰ ਗਿਆ ਮਾਹੀ।[93]

ਬੁੱਲ੍ਹਾ ਇੱਕ ਸਫਲ ਫ਼ਕੀਰ ਹੋਣ ਤੇ ਇਹ ਚੰਗੀ ਕਰ ਕੇ ਜਾਣਦਾ ਹੈ। ਕਿ ਇਸ਼ਕ ਸਿਰ ਧੜ ਦੀ ਬਾਜ਼ੀ ਲਾ ਕੇ ਹੀ ਕਮਾਇਆਂ ਜਾ ਸਕਦਾ ਹੈ। ਉਹ ਆਪ ਇਸ਼ਕ ਹਕੀਕੀ ਉੱਪਰ ਤੁਰ ਪਿਆ ਸੀ। ਬੁੱਲ੍ਹੇ ਦਾ ਸਬੰਧ ਲਗਨ ਨਾਲ ਹੈ ਤੇ ਜਦੋਂ ਕਿਤੇ ਲਗਨ ਲੱਗ ਜਾਵੇ ਤਾਂ ਫਿਰ ਕੋਈ ਕਸ਼ਟ ਮਹਿਸੂਸ ਨਹੀਂ ਹੁੰਦਾ। ਬੁੱਲ੍ਹਾਂ ਇਸ ਚਿੰਨ੍ਹ ਰਾਹੀ ਉਸ ਸਮੇਂ ਦੇ ਸ਼ਾਸਨ ਪ੍ਰਬੰਧ ਦੀ ਤਸਵੀਰ ਵੀ ਚਿਤਰਦਾ ਹੈ।

ਮਨਸੂਰ ਤੁਸਾਂ ਤੇ ਆਇਆ ਏ,

ਤੁਸਾਂ ਸੂਲੀ ਪਕੜ ਚੜ੍ਹਾਇਆ ਏ,

ਮੇਰਾ ਭਾਈ ਬਾਬਲ ਜਾਇਆ ਜੇ,

ਦਿਓ ਖ਼ੂਨ ਬਹਾ ਮੇਰੇ ਭਾਈ ਦਾ ,

ਹੁਣ ਕਿਸ ਥੀਂ ਆਪ ਛੁਪਾਈਦਾ।[94]

ਇੱਥੇ ਇਸ ਚਿੰਨ੍ਹ ਰਾਹੀ ਦੱਸਦਾ ਹੈ ਕਿ ਦੁਨਿਆਵੀ ਵਸਤਾਂ ਦਾ ਇਸ਼ਕ ਮਨੁੱਖ ਨੂੰ ਖੱਜਲ ਖ਼ੁਆਰ ਹੀ ਕਰਦਾ ਹੈ ਤੇ ਬੁੱਲ੍ਹਾ ਮਨੁੱਖ ਨੂੰ ਪਰਮਾਤਮਾ ਦੇ ਸੱਚੇ ਇਸ਼ਕ ਵੱਲ ਮੁੜਨ ਲਈ ਪ੍ਰੇਰਦਾ ਹੈ।

[93] ਉਹੀ, ਪੰਨਾ-104
[94] ਉਹੀ, ਪੰਨਾ-105

ਮੇਰੇ ਘਰ ਆਇਆ ਪੀਆ ਹਮਾਰਾ,

ਵਾਹ ਵਾਹ ਵਹਿਦਤ ਕੀਨਾ ਸ਼ੋਰ

ਅਨਹਦ ਬਾਂਸਰੀ ਦੀ ਘੰਗੋਰ,

ਮੇਰੇ ਘਰ ਆਇਆ ਪੀਆ ਹਮਾਰਾ।[95]

ਬੁੱਲ੍ਹਾ ਲਾਹੌਰ ਸ਼ਹਿਰ ਨੂੰ ਚਿੰਨ੍ਹ ਰੂਪ ਵਿੱਚ ਇਸ ਲਈ ਵਰਤਦਾ ਹੈ ਕਿ ਉਹ ਸਮੇਂ ਲਾਹੌਰ ਦੀਆ ਰਾਜਨੀਤਕ ਗਤੀਵਿਧੀਆਂ ਤੋਂ ਜਾਣੂ ਸੀ । ਬੁੱਲ੍ਹਾਂ ਮੁਰਸ਼ਦ ਨੂੰ ਪਾਉਣ ਦੀ ਤੜਫ਼ ਲਈ ਰੀਝ ਮਹਿਸੂਸ ਕਰਦਾ ਹੈ ਜਿਵੇਂ ਉਸ ਨੇ ਲਾਹੌਰ ਦਾ ਤਖ਼ਤ ਹਾਸਿਲ ਕਰਨਾ ਹੋਵੇ।

ਅਰਸ਼ ਮਨੱਵਰ ਬਾਗ਼ਾਂ ਮਿਲੀਆਂ, ਸੁਣੀਆਂ ਤਖ਼ਤ ਲਾਹੌਰ।

ਸ਼ਾਹ ਅਨਾਇਤ ਕੁੰਡੀਆਂ ਪਾਇਆਂ, ਲੁਕ-ਛੁਪ ਖਿੱਚਦਾ ਡੋਰ।

ਜਿਸ ਢੂੰਡਾਇਆ ਤਿਸਨੇ ਪਾਇਆ ਨਾ ਝੂਰ-ਝੂਰ ਹੋਯਾ ਮੋਰ,

ਪੀਰ ਪੀਰਾਂ ਬਗ਼ਦਾਦ ਅਸਾਡਾ ਮੁਰਸ਼ਦ ਤਖ਼ਤ ਲਾਹੌਰ।[96]

ਬੁੱਲ੍ਹਾ ਆਪਣੀ ਕਾਫ਼ੀ ਵਿੱਚ ਰਾਜਨੀਤਿਕ ਹਾਲਤ ਸੰਬੰਧੀ ਗਿਆਨ ਦਿੰਦਾ ਹੈ ਕਿ ਇਹਨਾਂ ਹਮਲਿਆਂ ਨੇ ਦੀ ਅਚਨਚੇਤ ਫਾਹੇ ਨੇ ਲਾਹੌਰ ਸ਼ਹਿਰ ਨੂੰ ਖੇਰੂੰ-ਖੇਰੂੰ ਕਰ ਦਿੱਤਾ ਪਰ ਬੁੱਲ੍ਹਾ ਇਹਨਾਂ ਸਭ ਹਾਲਾਤਾਂ ਨੂੰ ਅਧਿਆਤਮਕ ਪੱਧਰ ਤੇ ਪਹੁੰਚ ਕੇ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਜੋ ਕੁੱਝ ਵੀ ਸੰਸਾਰ ਵਿੱਚ ਹੁੰਦਾ ਹੈ ਇਹ ਸਭ ਪਰਮਾਤਮਾ ਦੀ ਰਮਜ਼

[95] ਉਹੀ, ਪੰਨਾ-106
[96] ਉਹੀ, ਪੰਨਾ-107

ਅਨੁਸਾਰ ਹੀ ਹੁੰਦਾ ਹੈ ਤੇ ਦੀਦਾਰ ਹੋਇਆ ਜਦ ਮਾਹੀ, ਅਚਨਚੇਤ ਪਈ ਗਲ ਫਾਹੀ, ਡਾਢੀ ਕੀਤੀ ਲਾਪਰਵਾਹੀ, ਮੈਨੂੰ ਮਿਲ ਗਿਆ ਠੱਗ ਲਾਹੌਰ, ਵਾਹ ਵਾਹ ਰਮਜ਼ ਸੱਜਣ ਦੀ ਹੋਰ।

ਬੁੱਲ੍ਹੇ ਸ਼ਾਹ ਦੀ ਕਲਮ ਦਾ ਇਹ ਕਮਾਲ ਹੈ ਕਿ ਉਹ ਇੱਕੋ ਹੀ ਚਿੰਨ੍ਹ ਨੂੰ ਕਈਆਂ ਸੱਧਰਾਂ ਤੋਂ ਪੇਸ਼ ਕਰਦਾ ਹੈ ਉਸ ਦਾ ਚਿੰਨ੍ਹ ਹਾਕਮ, ਰਾਜਨੀਤਿਕ ਪੱਧਰ ਤੋਂ ਇਹ ਵੀ ਜਾਣਕਾਰੀ ਦਿੰਦਾ ਹੈ ਕਿ ਹਾਕਮ ਲੋਕ ਭਾਵ ਕੀ ਸ਼ਕਤੀਸ਼ਾਲੀ ਲੋਕਾਂ ਨਾਲ ਸਾਡਾ ਮਿਲਵਰਤਨ ਹੈ। ਬੁੱਲ੍ਹੇ ਨੇ ਹਾਕਮ ਚਿੰਨ੍ਹ ਰਾਹੀਂ ਰਾਜਨੀਤਿਕ ਸਥਿਤੀ ਨੂੰ ਪੇਸ਼ ਕਰਨ ਦੇ ਨਾਲ-ਨਾਲ ਅਧਿਆਤਮਕ ਪੱਧਰ ਦੇ ਭਾਵਾਂ ਦੀ ਅਭਿਵਿਅਕਤੀ ਵੀ ਕੀਤੀ ਹੈ। ਕਿ ਉਸ ਪਰਮਾਤਮਾ ਨੂੰ ਕਰਮਾਂ ਦਾ ਲੇਖਾ ਜੋਖਾ ਕਰਨਾ ਹੈ ਠੀਕ ਉਸੇ ਤਰ੍ਹਾਂ ਜਿਵੇਂ ਰਾਜਸੀ ਸੱਤਾਧਾਰੀ ਸ਼ਾਸਕ ਆਮ ਜਨਤਾ ਦੇ ਗ਼ਲਤ ਠੀਕ ਕੰਮਾਂ ਸੰਬੰਧੀ ਸਹੀ ਫ਼ੈਸਲਾ ਕਰਦੇ ਹਨ। ਬੁੱਲ੍ਹਾ ਇਹ ਡਰ ਪਾ ਕੇ ਮਨੁੱਖ ਨੂੰ ਰੱਬ ਨਾਲ ਜੋੜਨ ਦਾ ਯਤਨ ਰਹੱਸਮਈ ਪੱਧਰ ਤੇ ਕਰਦਾ ਹੈ।

ਨਾਲ ਹਾਕਮ ਦੇ ਖੇਚਲ ਅਸਾਡੀ, ਜੇ ਮੈਂ ਮੀਰੀ ਤਾਂ ਮੈਂ ਫਾਡੀ,

ਪਰੀ ਪਰਾਈ ਪੂੰਜੀ ਤੁਸਾਡੀ, ਮੈਂ ਅਮਲਾਂ ਦਾ ਲੇਖਾ ਭਰਦੀ ਹਾਂ ਞ,

ਪਰ ਗਲ ਕਰਦਾ ਵੀ ਡਰਦਾ ਹਾਂ।

ਕਾਜ਼ੀ ਜਾਣੇ ਹਾਕਮ ਜਾਣੇ, ਫ਼ਾਰਗ ਖਤੀ ਬੇਗਾਰੋ,

ਦਿਨ ਰਾਤ ਮੈ ਏਹ ਮੰਗਦੀ ਦੂਰ ਨਾ ਕਰ ਦਰਬਾਰੋ,

ਮੈਂ ਚੌੜੇਟਰੀ ਆ ਸੱਚੇ ਸਾਹਿਬ ਦੀ ਸਰਕਾਰੋਂ।[97]

ਬੁੱਲ੍ਹੇ ਦਾ ਚਿੰਨ੍ਹ ਭੰਡਾਰ ਬਹੁਤ ਵਿਸ਼ਾਲ ਹੈ ਉਸ ਨੇ ਰਾਜਨੀਤਿਕ ਹਾਲਤ ਦੀ ਪੇਸ਼ਕਾਰੀ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕੀਤੀ ਹੈ। ਰਾਜਨੀਤਿਕ ਪ੍ਰਬੰਧ ਦੀ ਪੇਸ਼ਕਾਰੀ ਬੇਝਿਜਕ ਹੋ ਕੇ ਕਰਦਾ ਹੈ। ਇਸ ਪ੍ਰਕਾਰ ਬੁੱਲ੍ਹੇ ਦੇ ਵਿਚਾਰ ਇਹਨਾਂ

---

[97] ਉਹੀ, ਪੰਨਾ-109

ਚਿੰਨ੍ਹਾਂ ਰਾਹੀਂ ਮਾਨਵ ਜੀਵਨ ਨੂੰ ਸੱਚ ਦੀ ਸੇਧ ਵੱਲ ਤੁਰਨ ਦਾ ਸੰਦੇਸ਼ ਦਿੰਦੇ ਹਨ। ਜ਼ੁਲਮ, ਲੜਾਈਆਂ ਤੋਂ ਦੂਰ ਹਟ ਕੇ ਪਰਮਾਤਮਾ ਦੇ ਨਾਲ ਜੁੜਨ ਦਾ ਸੰਦੇਸ਼ ਦਿੱਤਾ ਹੈ।

## ਹੋਰ ਪੱਖਾਂ ਤੋਂ ਵਿਦਰੋਹੀ ਚੇਤਨਾ

ਬੁੱਲ੍ਹੇ ਸ਼ਾਹ ਦੇ ਕਾਵਿ ਵਿਚਲੀ ਭਾਸ਼ਾ ਮੁਹਾਵਰੇ ਦਾਰ ਦੇ ਨਾਲ ਨਾਲ ਲੋਕ ਉਕਤੀਆਂ ਵੀ ਭਰਪੂਰ ਹੈ ਅਖੌਤਾਂ ਬੁੱਲ੍ਹੇ ਦਾ ਕਾਵਿ ਵਿੱਚ ਸਹਿਜ ਰੂਪ ਵਿੱਚ ਹੀ ਸਮਾਈਆਂ ਹੋਈਆ ਹਨ। ਬੁੱਲ੍ਹੇ ਸ਼ਾਹ ਦੇ ਕਾਵਿ ਦਾ ਪਾਠਗਤ ਅਧਿਐਨ ਕਰਦਿਆਂ ਦੇਖੀਏ ਤਾਂ ਉਸ ਵੱਲੋਂ ਵਰਤੀਆਂ ਹੋਈਆਂ ਅਖੌਤਾਂ ਪਾਠਕਾਂ ਨੂੰ ਨਿਰੋਲ ਸੱਚ ਵੱਲ ਲਿਜਾਂਦਿਆਂ ਹਨ। ਅਖੌਤਾਂ ਇੱਕ ਤਰ੍ਹਾਂ ਨਾਲ ਮਨੁੱਖੀ ਜੀਵਨ ਦਾ ਨਿਚੌੜ ਹਨ ਅਤੇ ਮਾਨਵ ਨੂੰ ਸੇਧ ਦਿੰਦਿਆਂ ਹਨ।

ਉੱਠ ਜਾਗ ਘੁਰਾੜੇ ਮਾਰ ਨਹੀਂ,

ਏਹ ਸੌਣ ਤੇਰੇ ਦਰਬਾਰ ਨਹੀਂ।

ਇਸ਼ਕ ਅਸਾਂ ਨਾਲ ਕੇਹੀ ਕੀਤੀ, ਲੋਕ ਮਰੇਂਦੇ ਤਾਅਨੇ।

ਜਿਸ ਤਨ ਲੱਗਿਆ ਇਸ਼ਕ ਕਮਾਲ, ਨਾਚੇ ਬੇਸੁਰ ਬੇਤਾਲ।[98]

ਬੁੱਲ੍ਹੇ ਸ਼ਾਹ ਦਾ ਕਾਵਿ ਲੋਕ ਮਾਨਵਤਾ ਦੇ ਬਹੁਤ ਹੀ ਨੇੜੇ ਹੈ। ਇਹ ਮਾਨਵ ਸਮੂਹ ਨੂੰ ਸਿੱਧੇ ਰਾਸਤੇ ਪਾਉਣ ਲਈ ਮਾਰਗ ਦਰਸ਼ਨ ਦਾ ਕੰਮ ਕਰਦਾ ਹੈ।

ਬੁੱਲ੍ਹੇ ਦੇ ਕਲਾਮ ਵਿੱਚ ਇਸ਼ਕ ਹਕੀਕੀ ਜ਼ੋਰੇ ਕਲਾਮ ਹੈ। ਇਹਨਾਂ ਖੋਜੀਆ ਕਰ ਕੇ ਬੁੱਲ੍ਹੇ ਸ਼ਾਹ ਦਾ ਨਾਮ ਪੰਜਾਬੀ ਸ਼ਾਇਰਾ ਦੀ ਪਹਿਲੀ ਕਤਾਰ ਵਿੱਚ ਲਿਆ ਜਾ ਸਕਦਾ ਹੈ। ਬੁੱਲ੍ਹੇ ਸ਼ਾਹ ਦੇ ਸ਼ਬਦਾਂ ਵਿੱਚ ਕਮਾਲ ਹੈ, ਉਹ ਪਾਠਕ ਨੂੰ ਪੜ੍ਹਨ ਉਪਰੰਤ ਹੀ ਦਿਲਚਸਪੀ ਪੈਦਾ ਕਰਨ ਦੇ ਨਾਲ ਨਾਲ ਮਿਥਿਹਾਸਿਕ, ਪਾਤਰਾਂ ਸੰਬੰਧੀ ਵੀ ਗਿਆਨ ਦਿੰਦਾ ਹੈ।

---

[98] ਉਹੀ, ਪੰਨਾ-32

ਬੁੱਲ੍ਹੇ ਦੁਆਰਾ ਵਰਤੇ ਮਿਥਕ ਚਿੰਨ੍ਹ ਪਾਠਕ ਅੰਦਰ ਵਿਛੋੜੇ ਦੀ ਤੀਬਰਤਾ, ਜਜ਼ਬੇ ਦੀ ਸਚਿਆਈ, ਸੋਜ਼ ਅਤੇ ਤੜਪ ਬਿਆਨ ਦੇ ਹਨ। ਇਸ ਲਈ ਉਹ ਮਨੁੱਖੀ ਆਤਮਾ ਨੂੰ ਝੰਜੋੜ ਕੇ ਸਹੀ ਮਾਰਗ ਅਪਣਾਉਣ ਦਾ ਇਸ਼ਾਰਾ ਕਰਦਾ ਹੈ।

ਕਲ ਸਭ ਦਾ ਕੂਚ ਨਕਾਰਾ ਏ, ਤੈਂ ਕਿਤ ਪਰ ਪਾਊਂ ਪਸਾਰਾ ਏ:

ਤੂੰ ਉਸ ਮਕਾਨੋਂ ਆਇਆ ਹੈਂ, ਏਥੇ ਆਦਮ ਬਣ ਸਮਾਇਆ ਏ,

ਹੁਣ ਛੱਡ ਮਜਲਸ ਕੋਈ ਕਾਰਾ ਏ, ਤੈਂ ਕਿਤ ਪਰ ਪਾਊਂ ਪਸਾਰਾ ਏ।[99]

ਬੁੱਲ੍ਹੇ ਨੇ ਆਪਣੇ ਕਾਵਿ ਅੰਦਰ ਆਦਮ ਅਤੇ ਸ਼ੈਤਾਨ ਨੂੰ ਇੱਕ ਹੀ ਮਿਥਕ ਕਥਾ ਤੋਂ ਚਿੰਨ੍ਹਾਤਮਕ ਰੂਪ ਵਿੱਚ ਲੈ ਕੇ ਚਿਤਰਿਆ ਹੈ। ਸ਼ੈਤਾਨ, ਬੁੱਲ੍ਹੇ ਲਈ ਪ੍ਰਥਮ ਰੂਪ ਵਿੱਚ ਚਿੰਨ੍ਹ ਹੈ:

ਪੁੱਛੋ ਆਦਮ ਕਿਸ ਨੇ ਆਦਾ ਏ,

ਕਿੱਥੋਂ ਆਇਆ ਕਿੱਥੇ ਜਾਂਦਾ ਏ,

ਉੱਥੇ ਕਿਸ ਦਾ ਤੈਨੂੰ ਲਾਂਹਜਾ ਏ,

ਉੱਥੇ ਖਾ ਦਾਣਾ ਉੱਠ ਨੱਸਦੇ ਹੋ।[100]

ਇਸ ਤਰ੍ਹਾਂ ਅਧਿਆਤਮਿਕਤਾ ਦੀ ਪੱਧਰ ਤੇ ਬੁੱਲ੍ਹਾ ਇਹ ਅਰਥ ਸੰਚਾਰਿਤ ਕਰਦਾ ਹੈ ਕਿ ਉਹ ਪਰਮਾਤਮਾ ਸਭ ਕੁੱਝ ਆਪ ਹੀ ਕਰਾਉਂਦਾ ਹੈ। ਇਸ ਲਈ ਉਸ ਕੋਲੋਂ ਡਰਨਾ ਹੀ ਚਾਹੀਦਾ ਹੈ।

ਮਿਥਕ ਪਾਤਰ ਜਾਂ ਕਥਾਵਾਂ ਬੇਸ਼ੱਕ ਇਤਿਹਾਸ ਵਿੱਚੋਂ ਜਨਮ ਲੈਂਦੀਆਂ ਹਨ ਪਰ ਇਹਨਾਂ ਵਿੱਚ ਕਲਪਨਾ ਅਤੇ ਸ਼ਰਧਾ ਦਾ ਅੰਸ਼ ਰਲ਼ਿਆ ਹੁੰਦਾ ਹੈ ਇਸ ਕਰ ਕੇ ਇਹ ਭਾਵੁਕ ਪੱਧਰ ਤੇ ਵਿਚਰਦੀਆਂ ਹਨ। ਕੰਸ ਨੂੰ ਬੁੱਲ੍ਹੇ ਨੇ ਆਪਣੇ ਕਾਵਿ

[99] ਉਹੀ, ਪੰਨਾ-146

[100] ਉਹੀ,

ਅੰਦਰ ਮਿਥਕ ਚਿੰਨ੍ਹ ਵਜੋਂ ਵਰਤਿਆ ਹੈ। ਹਰ ਸਮਾਜਿਕ ਪ੍ਰਾਣੀ ਜਾਣਦਾ ਹੈ ਕਿ ਕੰਸ ਸਮਾਜ ਦੀਆ ਨਜ਼ਰਾਂ ਵਿੱਚ ਨਕਾਰਾਤਮਿਕ ਪਾਤਰ ਹੈ। ਕੰਸ ਕ੍ਰਿਸ਼ਨ ਦਾ ਮਾਮਾ ਸੀ। ਇਹ ਰਾਕਸ਼ਕ ਕਿਸਮ ਦਾ ਇਨਸਾਨ ਮੰਨਿਆ ਹੈ। ਬੁੱਲ੍ਹੇ ਨੇ ਆਪਣੇ ਕਾਵਿ ਵਿੱਚ ਇਹ ਸਭ ਬਿਆਨ ਕੀਤਾ ਹੈ ਤੇ ਮੌਤ ਸਮੇਂ ਦੀ ਹਾਲਤ ਤੋਂ ਵੀ ਜਾਣੂ ਕਰਵਾਇਆ ਹੈ। ਪਾਠਕ ਨਾਸ਼ਵਾਨ ਜ਼ਿੰਦਗੀ ਜਾਂ ਜੀਵਨ ਦੀ ਅਸਥਿਰਤਾ ਸੰਬੰਧੀ ਜਾਣਕਾਰੀ ਦੇ ਕੇ ਰੱਬੀ ਇਸ਼ਕ ਦਾ ਸੁਨੇਹਾ ਦਿੱਤਾ ਹੈ।

ਗੋਪੀਆ ਨਾਲ ਕੀ ਚੱਜ ਕਮਾਇਆ,

ਮੱਖਣ ਕਾਨ੍ਹ ਤੋਂ ਲੁਟਵਾਇਆ,

ਰਾਜੇ ਕੰਸ ਨੂੰ ਪਕੜ ਮੰਗਵਾਇਆ,

ਬੋਦਿਉ ਪਕੜ ਪਛਾੜਿਆ ਈ,

ਰਹੁ-ਰਹੁ ਵੇ ਇਸ਼ਕਾ ਮਾਰਿਆ ਈ।[101]

ਮਿਥਿਹਾਸਿਕ ਪੱਧਰ ਤੇ ਮਿੱਥ ਦਾ ਸੰਬੰਧ ਆਸਥਾ ਨਾਲ ਹੈ ਪ੍ਰੰਤੂ ਇਹ ਆਸਥਾ ਕਿਸੇ ਜਾਤੀ ਵਿਸ਼ੇਸ਼ ਦੀ ਆਸਥਾ ਦੀ ਸੂਚਕ ਹੈ ਕਿਉਂਕਿ ਮਨੁੱਖ ਡਰ, ਖ਼ੌਫ਼ ਕਾਰਨ ਸ਼ੁਰੂ ਤੋਂ ਹੀ ਆਪੋ ਆਪਣੇ ਸਹਾਰੇ ਦੀ ਭਾਲ ਵਿੱਚ ਰਹਿੰਦਾ ਹੈ। ਬੁੱਲ੍ਹਾ ਇੱਕ ਕਾਲੀਨ ਪ੍ਰਸਥਿਤੀਆਂ ਨੂੰ ਛੱਡ ਕੇ ਬਹੁ ਕਾਲੀਨ ਪ੍ਰਸਥਿਤੀਆਂ ਦਾ ਜ਼ਿਕਰ ਆਪਣੀਆਂ ਕਾਫ਼ੀਆਂ ਵਿੱਚ ਕਰ ਜਾਂਦਾ ਹੈ। ਇਸ ਲਈ ਮਨੁੱਖੀ ਮਨ ਅੰਦਰ ਉਸ ਦੇ ਮਿਥਕ ਰੂਪ ਦੀ ਤਸਵੀਰ ਅੱਜ ਵੀ ਸਥਿਤ ਹੈ।

ਦੈਂਹਸਰ ਲੁੱਟਿਆ ਹੁਣ ਲਛਮਣ ਬਾਕੀ,

ਤਬ ਅਨਹਦ ਨਾਦ ਬਜਾਏ।[102]

[101] ਉਹੀ, ਪੰਨਾ-148
[102] ਉਹੀ, ਪੰਨਾ-149

ਬੁੱਲ੍ਹੇ ਨੇ ਆਪਣੇ ਕਾਵਿ ਵਿੱਚ ਦੈਂਹਸਰ ਸ਼ਬਦ ਵਰਤਿਆ ਹੈ। ਰਾਵਣ ਦੇ ਦਸ ਸਿਰ ਹੋਣ ਕਰਕੇ ਉਸ ਨੂੰ ਦੈਂਹਸਰ ਵੀ ਕਿਹਾ ਜਾਂਦਾ ਹੈ। ਇਸ ਨੇ ਸੀਤਾ ਦਾ ਅਪਹਰਣ ਕੀਤਾ ਅਤੇ ਸ੍ਰੀ ਰਾਮ ਚੰਦਰ ਦੇ ਹੱਥੋ ਮਾਰਿਆ ਗਿਆ ਸੀ। ਬੁੱਲ੍ਹੇ ਦਾ ਇਹ ਮਿਥਕ ਚਿੰਨ੍ਹ ਮਿਥਕ ਚਿੰਨ੍ਹ ਮਿਥਿਹਾਸਿਕ ਕਥਾ ਨੂੰ ਮਨੁੱਖੀ ਮਨ ਅੰਦਰ ਤਾਜ਼ਾ ਕਰਦਾ ਹੈ। ਰਹੱਸਮਈ ਰੂਪ ਵਿੱਚ ਬੁੱਲ੍ਹਾ ਜੀਵਨ ਦੀ ਨਾਸ਼ਮਾਨਤਾ ਸੰਬੰਧੀ ਗਿਆਨ ਦੇ ਕੇ ਪਾਠਕ ਨੂੰ ਰੱਬੀ ਇਸ਼ਕ ਵੱਲ ਮੋੜਦਾ ਹੈ।

ਪਿਰਤ ਚੰਡੀ ਮਾਤ ਬਣਾਈ, ਜਿਸਨੂੰ ਪੂਜੇ ਸਰਬ ਲੋਕਾਈ,

ਪਾਛੀ ਵੱਢ ਕੇ ਜੰਝ ਚੜ੍ਹਾਈ, ਡੋਲੋ ਠੁਮ-ਠੁਮ ਆਈ ਏ।[103]

ਬੁੱਲ੍ਹਾ ਇੱਥੇ ਸੇਧ ਦਿੰਦਾ ਹੈ ਕਿ ਪਰਮਾਤਮਾ ਨਾਲ ਇਸੇ ਤਰ੍ਹਾਂ ਇਸ਼ਕ ਕਰਨਾ ਚਾਹੀਦਾ ਹੈ ਜਿਸ ਵਿੱਚ ਲਗਨ ਅਤੇ ਬਹਾਦਰੀ ਨਾਲ ਚੰਡੀ ਮੈਦਾਨੀ ਜੰਗ ਵਿੱਚ ਆਪਣੇ ਜ਼ੋਹਰ ਦਿਖਾਉਂਦੀ ਅਤੇ ਉਸ ਦੀ ਪੂਜਾ ਸਾਰੇ ਪਾਸੇ ਹੋਣ ਲੱਗ ਜਾਂਦੀ ਹੈ ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕਿ ਪੰਜਾਬੀ ਲੋਕ ਮਨ ਦੀ ਨਿਕਟਤਾ ਪੁਰਾਣਿਕ ਮਿੱਥਾਂ ਨੂੰ ਹੀ ਹਾਸਿਲ ਹੈ। ਪੁਰਾਣਾ ਵਿਚਲੀਆਂ ਮਿੱਥਾਂ ਆਪ ਜੀਵਨ ਵਿਹਾਰ ਤੋਂ ਲੈ ਕੇ ਧਾਰਮਿਕ ਮਸਲਿਆ ਤੱਕ ਇਹਨਾਂ ਦਾ ਪ੍ਰਭਾਵ ਮਿਲਦਾ ਹੈ। ਮਹਾਂਕਾਵਿ ਰਮਾਇਣ ਅਤੇ ਮਹਾਹਾਭਾਰਤ ਵੀ ਪੰਜਾਬੀ ਲੋਕ ਮਨ ਨੂੰ ਟੁੰਬਦੀਆਂ ਮਿੱਥਾਂ ਹਨ। ਸੋ ਬੁੱਲ੍ਹੇ ਸ਼ਾਹ ਅਜਿਹਾ ਸੰਵੇਦਨਸ਼ੀਲ ਕਵੀ ਹੋਇਆ ਹੈ ਜਿਸ ਦੇ ਕਾਵਿ ਵਿੱਚ ਹਰ ਤਰ੍ਹਾਂ ਦੇ ਚਿੰਨ੍ਹਾਂ ਦੀ ਭਰਮਾਰ ਹੈ ਅਤੇ ਇਹਨਾਂ ਚਿੰਨ੍ਹਾਂ ਦੀ ਵਰਤੋਂ ਪ੍ਰਗਟਾਵੇ ਦੇ ਪ੍ਰਸੰਗ ਅਧੀਨ ਹੀ ਕਰਦਾ ਹੈ।

[103] ਉਹੀ, ਪੰਨਾ-154

# ਸਿੱਟਾ ਤੇ ਸਥਾਪਨਾਵਾਂ

ਸੂਫ਼ੀ ਮਤ ਅਜਿਹਾ ਮਾਰਗ ਹੈ ਜੋ ਮਨੁੱਖੀ ਦਿਲ ਨੂੰ ਟੁੰਬਦਾ ਹੋਇਆ ਮਾਨਸਿਕ ਸ਼ਾਂਤੀ ਪ੍ਰਦਾਨ ਕਰਦਾ ਹੈ। ਸੂਫ਼ੀ ਮਤ ਦੇ ਮਾਰਗ ਤੇ ਬਹੁਤ ਹੀ ਮਹਾਨ ਸ਼ਖ਼ੀਅਤਾ ਨੇ ਪੈਰ ਧਰਿਆ ਹੈ। ਜਿਨ੍ਹਾਂ ਵਿੱਚ ਸ਼ਕਰਗੰਜ ਸ਼ੇਖ਼ ਫ਼ਰੀਦ ਜੀ ਦਾ ਸਰਵ ਪ੍ਰਥਮ ਸਥਾਨ ਪ੍ਰਾਪਤ ਹੁੰਦਾ ਹੈ। ਇਹਨਾਂ ਤੋਂ ਬਾਅਦ ਸੂਫ਼ੀਮਤ ਦੇ ਮਾਰਗ ਤੇ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਵਜੀਦ ਵਰਗੇ ਕਈ ਹੋਰ ਸ਼ਖ਼ਸ਼ੀਅਤਾ ਨੇ ਆਪਣੇ ਇਸ਼ਟ ਨੂੰ ਪਾਉਣ ਲਈ ਸੂਫ਼ੀ ਮਤ ਦੇ ਮਾਰਗ ਤੇ ਆਪਣੇ ਪੈਰ ਘਸਾਏ। ਬੁੱਲ੍ਹੇ ਸ਼ਾਹ ਪੰਜਾਬੀ ਸਾਹਿਤ ਦਾ ਪ੍ਰਸਿੱਧ ਕਵੀ ਹੋਇਆ ਹੈ ਅਤੇ ਇਹਨਾਂ ਦੀਆਂ ਰਚਨਾਵਾਂ ਸਦਕਾ ਹੀ ਪੰਜਾਬੀ ਸੂਫ਼ੀ ਕਵਿਤਾ ਸਿਖਰ ਤੇ ਪਹੁੰਚਦੀ ਹੈ। ਬੁੱਲ੍ਹੇ ਸ਼ਾਹ ਸੂਫ਼ੀ ਵਿਚਾਰਧਾਰਾ ਦਾ ਚਮਕਦਾ ਸਿਤਾਰਾ ਸੀ। ਜਿਸ ਨੇ ਸੂਫ਼ੀ ਵਿਚਾਰਧਾਰਾ ਨੂੰ ਵਿਸ਼ਾਲਤਾ ਪ੍ਰਦਾਨ ਕੀਤੀ। ਉਹ ਸੂਫ਼ੀ ਕਾਵਿ ਦੇ ਸਰਵ ਉੱਤਮ ਕਵੀਆਂ ਵਿਚੋਂ ਗਿਣਿਆ ਜਾਂਦਾ ਹੈ। ਬੁੱਲ੍ਹੇ ਸ਼ਾਹ ਦੀ ਮਹੱਤਤਾ ਇਸ ਕਰ ਕੇ ਵੀ ਵਧੇਰੇ ਹੈ ਕਿ ਉਸ ਦੀਆਂ ਬਹੁਤ ਸਾਰੀਆਂ ਕਾਫ਼ੀਆ ਕਵਾਲਾਂ ਦੁਆਰਾ ਸੂਫ਼ੀ ਮਹਿਫ਼ਲਾਂ ਵਿੱਚ ਗਾਈਆਂ ਜਾਂਦੀਆਂ ਹਨ। ਬੁੱਲ੍ਹੇ ਸ਼ਾਹ ਨੇ ਵੱਖ-ਵੱਖ ਕਾਵਿ ਰੂਪਾਂ ਨੂੰ ਲੈ ਕੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਦੱਸਿਆ ਹੈ ਕਿ ਪਰਮਾਤਮਾ ਅੰਦਰ ਬਾਹਰ ਭਾਵ ਹਰ ਜਗ੍ਹਾ ਮੌਜੂਦ ਹੈ। ਉਸ ਅਨੁਸਾਰ ਪਰਮਾਤਮਾ ਨੂੰ ਪ੍ਰਾਪਤ ਕਰਨ ਦੇ ਅੰਤਰਮੁਖੀ ਯਤਨ ਕਰਨੇ ਚਾਹੀਦੇ ਹਨ। ਪੂਰਵ ਪੰਜਾਬੀ ਸੂਫ਼ੀ ਕਵੀਆ ਵਾਂਗ ਬੁੱਲ੍ਹੇ ਸ਼ਾਹ ਨੇ ਵੀ ਆਪਣਾ ਗ਼ੁਲਾਮ ਪੰਜਾਬੀ ਭਾਸ਼ਾ ਵਿੱਚ ਲਿਖਿਆ ਹੈ। ਭਾਵੇਂ ਉਸ ਨੇ ਕਾਫ਼ੀ ਤੋਂ ਛੁੱਟ ਹੋਰ ਵੀ ਕਾਵਿ ਰੂਪਾਂ , ਗੰਢਾਂ, ਦੋਹੜੇ, ਅਠਵਾਰਾ, ਸ਼ੀਹਰਫ਼ੀਆਂ ਨੂੰ ਅਪਣਾਇਆ ਹੈ। ਪਰ ਉਸ ਦੀ ਪ੍ਰਸਿੱਧਤਾ ਵਧੇਰੇ ਕਰ ਕੇ ਕਾਫ਼ੀਆਂ ਕਰ ਕੇ ਹੋਈ ਹੈ ਇਸ ਗੱਲ ਦੀ ਪ੍ਰੋੜ੍ਹਤਾ ਡਾ. ਜੀਤ ਸਿੰਘ ਕਰਦੇ ਹਨ

# BULLEH SHAH DIYAN KAFIYA WICH VIDROHI CHETNA

"ਕਾਫ਼ੀ ਉਸ ਦੀ ਮੁੱਖ ਰਾਗਣੀ ਸੀ, ਜਿਸ ਦੀ ਧੁਨੀ ਨਾਲ ਪੰਜਾਬ ਭਰ ਦੇ ਸੂਫ਼ੀ ਦਰਵੇਸ਼ਾਂ ਦੇ ਤੱਕੀਏ ਗੂੰਜ ਉਠੇ,ਲੋਕ ਨੱਚ ਉੱਠੇ।"

ਪੰਜਾਬ ਵਿੱਚ ਸੂਫ਼ੀਆਂ ਦੇ ਅੱਡੇ ਪੂਰਵ ਨਾਨਕ ਕਾਲ ਵਿੱਚ ਸਥਾਪਿਤ ਹੋ ਚੁੱਕੇ ਸਨ ਅਤੇ ਪਹਿਲੇ ਮੁਸਲਮਾਨ ਬਾਦਸ਼ਾਹਾਂ ਨੂੰ ਰਾਜ ਖੇਤਰ ਵਧਾਉਣ ਦੇ ਚਾਅ ਦੇ ਨਾਲ ਨਾਲ ਧਰਮ ਨੂੰ ਫੈਲਾਉਣ ਦੀ ਲੋਚਾ ਵੀ ਸੀ। ਪਹਿਲੇ ਸੂਫ਼ੀ ਫ਼ਕੀਰਾਂ ਨੇ ਆਪਣੇ ਢੰਗ ਨਾਲ ਇਸਲਾਮ ਦਾ ਪ੍ਰਚਾਰ ਕੀਤਾ ਹੈ।

ਡਾ. ਲਾਜਵੰਤੀ ਰਾਮਾ ਕ੍ਰਿਸ਼ਨ ਅਨੁਸਾਰ -

ਸੂਫ਼ੀਮਤ ਦਾ ਮੁੱਢ ਇਸਲਾਮ ਵਿੱਚ ਹੈ ਅਤੇ ਇਸ ਦਾ ਵਿਕਾਸ ਵੀ ਇਸਲਾਮ ਵਿਚੋਂ ਹੀ ਹੋਇਆ ਹੈ। ਸੂਫ਼ੀ ਸਾਧਨਾ ਵਿੱਚ ਸਾਧਕਾ ਦੀ ਤਪੱਸਿਆ ਅਤੇ ਆਤਮਿਕ ਵਿਕਾਸ ਦੇ ਪੜਾਵਾਂ ਨੂੰ ਮੋਟੇ ਤੌਰ ਤੇ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ।

ਸ਼ਰੀਅਤ, ਤਰੀਕਤ, ਮਾਰਫ਼ਤ, ਹਕੀਕਤ।

ਸੂਫ਼ੀ ਰਹੱਸਵਾਦ ਦੇ ਵਿਕਾਸ ਕ੍ਰਮ ਵਿੱਚ ਸੂਫ਼ੀ ਸੰਪਰਦਾਵਾਂ ਦਾ ਉੱਲੇਖ ਵਿਸ਼ੇਸ਼ ਮਹੱਤਤਾ ਰੱਖਦਾ ਹੈ ਇਸਲਾਮੀ ਜਗਤ ਵਿੱਚ ਇਹਨਾਂ ਸੰਪਰਦਾਵਾਂ ਦੀ ਅਣਹੋਂਦ ਕਾਰਨ ਸ਼ਾਇਦ ਇਸਲਾਮ ਦਾ ਰਹੱਸਵਾਦੀ ਪੱਖ ਇੰਨਾ ਸਸ਼ੱਕਤ ਰੂਪ ਵਿੱਚ ਦ੍ਰਿਸ਼ਟੀ ਗੋਚਰ ਨਾ ਹੁੰਦਾ ਹੈ ਇਹ ਸੂਫ਼ੀ ਸੰਪਰਦਾਵਾਂ 12ਵੀਂ ਸਦੀਂ ਈਸਵੀ ਵਿੱਚ ਹੋਂਦ ਵਿੱਚ ਆਉਣੀਆਂ ਆਰੰਭ ਹੋਈਆਂ। ਕਈ ਵਿਦਵਾਨ ਇਹਨਾਂ ਦਾ ਸੰਬੰਧ ਹਜ਼ਰਤ ਮੁਹੰਮਦ ਅਲੀ ਦਾ ਨਾਮ ਵਿਸ਼ੇਸ਼ ਰੂਪ ਵਿੱਚ ਸੰਬੰਧਿਤ ਹੈ ਜੋ ਖ਼ਲੀਫ਼ਿਆਂ ਦੇ ਕ੍ਰਮਿਕ ਪ੍ਰਵਾਹ ਅਨੁਸਾਰ ਚੌਥਾ ਸਥਾਨ ਰੱਖਦਾ ਹੈ। ਸੂਫ਼ੀ ਉਸ ਨੂੰ ਦੂਜਾ ਸਥਾਨ ਦਿੰਦੇ ਹਨ। ਸਾਰੀਆਂ ਸੂਫ਼ੀਆਂ ਸੰਪਰਦਾਵਾਂ ਵਿਚੋਂ ਕੇਵਲ ਤਿੰਨ ਬਿਸਤਾਮੀ, ਬਖ਼ਤਸ਼ੀ ਅਤੇ ਨਕਸ਼ ਬੰਦੀ ਹਜ਼ਰਤ ਅਬੂ ਬਕਰ ਨਾਲ ਆਪਣਾ ਸੰਬੰਧ ਸਥਾਪਿਤ ਕਰਦੀਆਂ ਹਨ। ਸੂਫ਼ੀ ਸੰਪਰਦਾਵਾਂ ਦੇ ਹੋਂਦ ਵਿੱਚ ਹੋਣ ਦਾ ਇੱਕ ਮਹੱਤਵ ਪੂਰਨ ਕਾਰਨ ਇਹ ਵੀ ਹੈ ਕਿ ਇਸਲਾਮੀ ਅਧਿਆਤਮਕ ਜੀਵਨ ਵਿੱਚ ਕੁੱਝ ਦਿਲ ਕੰਬਾਊ ਘਟਨਾਵਾਂ ਵਾਪਰੀਆਂ ਹਨ।ਜਿਨ੍ਹਾਂ ਨੇ

ਇਸਲਾਮੀ ਲੋਕ ਜੀਵਨ ਨੂੰ ਬਹੁਤ ਹੱਦ ਤੱਕ ਪ੍ਰਭਾਵਿਤ ਕੀਤਾ।ਸੂਫ਼ੀ ਸੰਪਰਦਾਵਾਂ ਵਿਚੋਂ ਚਿਸ਼ਤੀ,ਸੁਹਰਾਵਰਦੀ,ਕਾਦਰੀ,ਨਕਸ਼ ਬੰਦੀ ਵਿਸ਼ੇਸ਼ ਹਨ।ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਨੂੰ ਪੜ੍ਹਨ ਉਪਰੰਤ ਗਿਆਨ ਦੇ ਨਾਲ-ਨਾਲ ਮਨ ਨੂੰ ਆਨੰਦ ਦਾ ਅਜਿਹਾ ਹੁਲਾਰਾ ਆਉਂਦਾ ਹੈ ਕਿ ਪਾਠਕ ਇਹਨਾਂ ਵਿੱਚ ਮਸਤ ਹੋ ਜਾਂਦਾ ਹੈ।ਉਸ ਦੀਆਂ ਕਾਫ਼ੀਆਂ ਵਿੱਚ ਵਲਵਲਾ ਬੇਰੋਕ ਹੈ ਤੇ ਮੁੱਖ ਵਿਸ਼ਾ ਇਸ਼ਕ ਮਜਾਜ਼ੀ ਹੈ।

ਡਾ:ਮੋਹਨ ਸਿੰਘ ਨੇ ਸਾਂਈ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦਾ ਇੱਕ ਸੰਗ੍ਰਹਿ ਛਾਪਿਆ।ਉਸ ਤੋਂ ਬਿਨਾਂ ਹੋਰ ਵਿਦਵਾਨਾਂ ਰਾਹੀਂ ਵੀ ਸਮੇਂ-ਸਮੇਂ ਉਸ ਦੀਆਂ ਰਚਨਾਵਾਂ ਦੇ ਸੰਗ੍ਰਹਿ ਛਪਦੇ ਰਹੇ ਹਨ। ਇਸ ਸਮੇਂ ਤੱਕ ਬੁੱਲ੍ਹੇ ਸ਼ਾਹ ਦਾ ਜੋ ਕਲਾਮ ਛਾਪਿਆ ਜਾ ਚੁੱਕਾਂ ਹੈ ਉਸ ਵਿੱਚ ਕਾਫ਼ੀਆਂ, ਸ਼ੀਹਰਫ਼ੀਆਂ, ਦੋਹੜੇ, ਬਾਰਾਮਾਹ, ਗੰਢਾਂ, ਅਠਵਾਰਾ ਆਦਿ ਸ਼ਾਮਿਲ ਹੈ। ਜਿੱਥੇ 1680-1758 ਈ ਤੱਕ ਦਾ ਸਮਾਂ ਰਾਜਸੀ ਘੋਰ ਅੱਤਿਆਚਾਰ ਦਾ ਸਮਾਂ ਸੀ ਉੱਥੇ ਡਾ, ਬਨਾਰਸੀ ਦਾਸ ਨੇ ਵਾਰਿਸ ਬੁੱਲ੍ਹਾ ਕਾਲ ਨੂੰ ਪੰਜਾਬੀ ਸਾਹਿਤ ਦਾ ਸੁਨਹਿਰੀ ਕਾਲ ਦੱਸਿਆ ਹੈ। ਇਸ ਕਰ ਕੇ ਬੁੱਲ੍ਹੇ ਸ਼ਾਹ ਇੱਕ ਅਜਿਹਾ ਸੂਫ਼ੀ ਕਵੀ ਹੋਇਆ ਹੈ ਜਿਸ ਦੀ ਆਪਣੀ ਵਿਲੱਖਣਤਾ ਤੇ ਮਹਾਨਤਾ ਹੈ।

**“ He is one of the greatest Sufis of the world and the this thoughts equals that of Jalal-Ud-Din-Rumi and Shamsi Tabriz of Parisa”**

ਬੁੱਲ੍ਹੇ ਸ਼ਾਹ ਦੇ ਕਾਵਿ ਸੰਸਾਰ ਮੁਰਸ਼ਦ ਨਾਲ ਸੰਬੰਧਿਤ ਵਿਚਾਰਾ ਨੂੰ ਪੇਸ਼ ਕਰਨ ਤੋਂ ਇਲਾਵਾ ਇਸ਼ਕ ਮਜਾਜੀ ਰਾਹੀਂ ਇਸ਼ਕ ਹਕੀਕੀ ਤਕ ਪਹੁੰਚਣ ਸੰਬੰਧੀ ਆਪਣੇ ਵਿਚਾਰ ਪ੍ਰਸਤੁਤ ਕਰਦਾ ਹੈ ਸੂਫ਼ੀ ਮਤ ਵਿੱਚ ਮੁਰਸ਼ਦ ਨੂੰ ਸ਼ਕਤੀਸ਼ਾਲੀ ਤੇ ਭਵ ਸਾਗਰ ਤੋਂ ਪਾਰ ਲਗਾਉਣ ਵਾਲਾ ਮੰਨਿਆ ਹੈ। ਬੁੱਲ੍ਹੇ ਸ਼ਾਹ ਇੱਕ ਅਜਿਹਾ ਕਵੀ ਹੋਇਆ ਹੈ। ਜਿਸ ਨੇ ਆਪਣੀ ਕਾਵਿ ਰਚਨਾ ਵਿੱਚ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਮੁਸ਼ਦ ਨੂੰ ਧਾਰਨ ਕਰਨਾ ਜਰੂਰੀ ਹੈ ਤੇ ਸੰਸਾਰ ਰੂਪੀ ਭਵ ਸਾਗਰ ਤੋ ਵੀ ਮੁਰਸ਼ਦ ਹੀ ਪਾਰ ਕਰਾ ਸਕਦਾ ਹੈ। ਪੰਜਾਬੀ ਸੂਫ਼ੀ ਕਵਿਤਾ ਦੇ ਰਹੱਸਵਾਦੀ ਸੰਦਰਭ ਵਿੱਚ ਬੁੱਲ੍ਹੇ ਦਾ ਯੋਗਦਾਨ ਵਿਸ਼ੇਸ਼ ਜਾਪਦਾ ਹੈ ਕਿਉਂਕਿ ਉਸ ਦੀ ਕਵਿਤਾ ਦੀ ਪ੍ਰਧਾਨ ਸੁਰ ਰਹੱਸਵਾਦੀ ਹੈ

ਇਹ ਇਸ ਕਰ ਕੇ ਹੈ ਕਿ ਉਹ ਇਲਾਹੀ ਨੂਰ ਦੀ ਝਲਕ ਪੇਸ਼ ਕਰਨ ਲਈ ਤਿਆਗ ਵਾਦੀ ਹੋ ਜਾਂਦਾ ਹੈ। ਬੁੱਲ੍ਹਾ ਆਪਣੇ ਮੁਰਸ਼ਦ ਨੂੰ ਪੀਰ ਪੀਰਾਂ ਦਾ ਦਰਜਾ ਦਿੰਦਾ ਹੈ।

ਜਿਸ ਢੂੰਡਾਇਆ ਤਿਸ ਨੇ ਪਾਇਆ ਨਾ ਝੁਰ-ਝੁਰ ਹੋਯਾ ਮੋਰ,

ਪੀਰ ਪੀਰਾਂ ਬਗਦਾਦ ਅਸਾਡਾ ਮੁਰਸ਼ਦ ਤਖ਼ਤ ਲਾਹੋਰ।

ਇਸਲਾਮ ਧਰਮ ਤੋਂ ਨਿਕਲੀ ਸੂਫ਼ੀ ਸ਼ਾਖਾ ਆਪਣੇ ਆਪ ਵਿੱਚ ਕੋਈ ਸਿਧਾਂਤਕ ਧਰਮ ਨਹੀਂ ਹੈ। ਬਲਕਿ ਇਹ ਇੱਕ ਵਿਚਾਰਧਾਰਾ ਹੈ। ਕਿਸੇ ਵੀ ਧਰਮ ਦਾ ਮਨੁੱਖ ਜਦੋਂ ਇਸ ਵਿਚਾਰਧਾਰਾ ਨੂੰ ਅਪਣਾ ਲੈਂਦਾ ਹੈ ਤਾਂ ਉਹ ਸੂਫ਼ੀ ਹੋ ਜਾਂਦਾ ਹੈ। ਜਦੋਂ ਮਨੁੱਖ ਸੂਫ਼ੀ ਹੋ ਜਾਂਦਾ ਹੈ ਤਾਂ ਉਹ ਧਰਮ ਦੇ ਨਾਂ ਤੇ ਹੁੰਦੇ ਬਾਹਰੀ ਵਿਖਾਵੇ ਤੇ ਫੋਕੇ ਕਰਮ-ਕਾਢਾ ਤੋਂ ਪਾਸਾ ਵੱਟ ਲੈਂਦਾ ਹੈ ਉਹ ਬਾਹਰੀ ਭੇਖ ਅਤੇ ਵਹਿਮਾਂ ਭਰਮਾਂ ਨੂੰ ਛੱਡ ਕੇ ਪ੍ਰਭੂ ਨਾਲ ਇਸ਼ਕ, ਪ੍ਰੇਮ ਪਾਉਂਦਾ ਹੈ। ਉਸ ਦੀ ਇਬਾਦਤ ਕਰਦਾ ਹੈ। ਇਸ ਤਰ੍ਹਾਂ ਸਾਂਈ ਬੁੱਲ੍ਹੇ ਸ਼ਾਹ ਜੀ ਨੇ ਧਾਰਮਿਕ, ਸਮਾਜਿਕ, ਸਭਿਆਚਾਰ, ਰਾਜਨੀਤਿਕ ਅਤੇ ਕਈ ਹੋਰ ਪੱਖਾਂ ਤੋਂ ਵਿਦਰੋਹੀ ਚੇਤਨਾ ਦੀ ਗੱਲ ਆਪਣੀਆਂ ਕਾਫ਼ੀਆਂ ਵਿੱਚ ਬਾਖ਼ੂਬੀ ਕੀਤੀ ਹੈ। ਇਸ ਤਰ੍ਹਾਂ ਸੂਫ਼ੀ ਵਿਚਾਰਧਾਰਾ ਨੂੰ ਜੇਕਰ ਧਿਆਨ ਨਾਲ ਵਾਚਿਆ ਜਾਵੇ ਤਾਂ ਇਹ ਗੱਲ ਸਹਿਜੇ ਹੀ ਧਿਆਨ ਗੋਚਰ ਹੁੰਦੀ ਹੈ ਕਿ ਸੂਫ਼ੀ ਅਸਲ ਵਿੱਚ ਇਸਲਾਮ ਦੇ ਵਿਦਰੋਹੀ ਲੋਕ ਹਨ ਉਹ ਕੱਟੜ ਮੁੱਲਾਂ- ਮਾਣਿਆ ਦੀ ਸ਼ਰ੍ਹਾ ਦੀ ਪਾਲਣਾ ਤੋਂ ਪਾਸਾ ਵੱਟ ਲੈਂਦੇ ਹਨ। ਇਸਲਾਮ ਦੇ ਸਿਧਾਂਤ ਸੂਫ਼ੀ ਸਾਧਕ ਨਹੀਂ ਅਪਣਾਉਂਦੇ ਬਲਕਿ ਉਹ ਹਰ ਹੀਲਾ ਵਰਤ ਕੇ ਪ੍ਰਭੂ ਨੂੰ ਪਾਉਣ ਦੀ ਚੇਸ਼ਟਾ ਕਰਦੇ ਹਨ।

# ਪੁਸਤਕ-ਸੂਚੀ


8. ਸਿੰਘ ਅਤਰਜੀਤ, ਸਿੰਘ ਗੁਰਚਰਨ,(ਸੰਪਾ.), ਬੁੱਲ੍ਹੇ ਸ਼ਾਹ(ਜੀਵਨ,ਦੋਹੜੇ,ਸੀਹਰਫ਼ੀਆਂ ਤੇ ਕਾਫ਼ੀਆਂ),ਦਿੱਲੀ,ਆਰਸੀ ਪਬਲਿਸ਼ਰਜ਼,2004

9. ਸਿੰਘ ਦੀਵਾਨ, ਘੁੰਮਣ ਬਿਕਰਮ ਸਿੰਘ, ਬੁੱਲ੍ਹੇ ਸ਼ਾਹ ਦਾ ਕਾਵਿ-ਲੋਕ, ਜਲੰਧਰ, ਨਿਊ ਬੁੱਕ ਕੰਪਨੀ, 2004

10. ਸਿੰਘ ਜਗਜੀਤ, ਪੰਜਾਬੀ ਸੂਫ਼ੀ ਕਾਵਿ ਪ੍ਰਵਚਨ, ਜਲੰਧਰ, ਬਲਵੰਤ ਪ੍ਰਕਾਸ਼ਨ, 2000

11. ਕੌਰ ਸੰਦੀਪ, ਸੂਫ਼ੀਵਾਦ ਅਤੇ ਪੰਜਾਬੀ ਸੂਫ਼ੀ ਕਵਿਤਾ, ਜਲੰਧਰ, ਬਲਵੰਤ ਪ੍ਰਕਾਸ਼ਨ, 2007

12. ਕਸੇਲ ਕਿਰਪਾਲ ਸਿੰਘ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਜਲੰਧਰ, ਨਿਊ ਬੁੱਕ ਕੰਪਨੀ,

13. ਜੱਗੀ ਰਤਨ ਸਿੰਘ(ਸੰਪਾ.), ਖੋਜ ਪਤ੍ਰਿਕਾ(ਸੂਫ਼ੀ ਕਾਵਿ ਅੰਕ),ਪਟਿਆਲਾ, ਪੰਜਾਬੀ ਯੂਨੀਵਰਸਿਟੀ, 2011

14. ਬੇਦੀ ਕਾਲਾ ਸਿੰਘ, ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪਟਿਆਲਾ, ਪੰਜਾਬੀ ਯੂਨੀਵਰਸਿਟੀ,1987

15. ਨਵਰੂਪ ਨਰਿੰਦਰ, ਚਿੰਨ੍ਹ ਵਿਗਿਆਨ ਅਤੇ ਕਲਾਮ ਬੁੱਲ੍ਹੇ ਸ਼ਾਹ, ਜਲੰਧਰ, ਸੁੰਦਰ ਬੁੱਕ ਸ਼ਾਪ,2013

16. ਤਲਵਾੜਾ ਗੁਰਚਰਨ ਸਿੰਘ, ਸੂਫ਼ੀਮਤ ਸੰਕਲਪ ਕੋਸ਼, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 2016

17. ਤਲਵਾੜਾ ਗੁਰਚਰਨ ਸਿੰਘ, ਪ੍ਰਮੱਖ ਪੰਜਾਬੀ ਸੂਫ਼ੀ ਕਵੀ ਚਿੰਤਨ ਅਤੇ ਜੀਵਨ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 2013

# BULLEH SHAH DIYAN KAFIYA WICH VIDROHI CHETNA